ਨੰ: 12 1366

ਪੁਸਤਕ ਨੰ: ੧੬

14/-

॥ ੧ ੳ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਚੰਦ੍ਰਕਾਂਤਾ

ਸੰਤਤਿ

ਹਿੱਸਾ ਬਾਰ੍ਹਵਾਂ

ਜਿਸਨੂੰ

ਭਾਈ ਸੁੰਦਰ ਸਿੰਘ ਹਕੀਮ ਚੋਕ

ਬਾਬਾ ਅਟੱਲ ਨੇ ਪ੍ਰਕਾਸ਼ਤ ਕੀਤਾ ।

ਕਾਰੋਨੇਸ਼ਨ ਪ੍ਰਿੰਟਿੰਗ ਵਰਕਸ ਅਮ੍ਰਿਤਸਰ ਵਿੱਚ

ਭਾਃਸੁੱਚਾਸਿੰਘ ਮੈਨੇਜਰ ਦੇ ਪ੍ਰਬੰਧਨਾਲ ਛਪਿਆ

ੴ ਸਤਿਗੁਰ ਪ੍ਰਸਾਦਿ॥

ਚੰਦ੍ਰਕਾਂਤਾ ਸੰਤਤਿ ਭਾਗ ਬਾਰ੍ਹਵਾਂ

ਪਹਿਲਾ ਕਾਂਡ

ਅਸੀਂ ਯਾਰ੍ਹਵੇਂ ਭਾਗ ਦੇ ਅੰਤ ਵਿਚ ਲਿਖ ਆਏ ਹਾਂ ਕਿ ਜਦ ਦੇਵੀ ਸਿੰਘ ਨੇ ਅਦਭੁਤ ਆਦਮੀ ਦਾ ਮੂੰਹ ਧੋਕੇ ਸਾਫ ਕੀਤਾ ਤਾਂ ਸ਼ਾਇਦ ਤਾਰਾ ਨੇ ਉਸਨੂੰ ਪਛਾਣ ਲਿਆ ਅਰ ਇਸ ਘਟਨਾ ਦਾ ਉਸਤੇ ਅਜੇਹਾ ਅਸਰ ਹੋਇਆ ਕਿ ਓਹ ਚੀਕ ਮਾਰ ਉਠੀ ਤੇ ਉਸਦਾ ਸਿਰ ਭੌਣ ਲਗ ਪਿਆ ਅਰ ਬੇਹੋਸ਼ ਹੋਕੇ ਧਰਤੀ ਤੇ ਡਿਗ ਪਈ। ਓਸੇ ਵੇਲੇ ਸਾਹਮਣੇ ਪਾਸਿਓਂ ਓਹ ਨਕਾਬਪੋਸ਼ ਆਉਂਦਾ ਦਿਸਿਆ ਜਿਸਨੇ ਅਦਭੁਤ ਆਦਮੀ ਨੂੰ ਹੈਰਾਨ ਪ੍ਰੇਸ਼ਾਨ ਕਰ ਦਿਤਾ ਸੀ ਅਰ ਓਹ ਗੰਢ ਭੀ ਖੋਹ ਲਈ ਸੀ ਜਿਸ ਵਿਚ ਅਦਭੁਤ ਮਨੁਖ ਦੇ ਕਹੇ ਅਨੁਸਾਰ ਤਾਰਾ ਦੀ ਕਿਸਮਤ ਬੰਦ ਸੀ, ਇਸ ਕਾਂਡ ਵਿਚ ਭੀ ਅਸੀਂ ਉਸੇ ਲੜੀ ਨੂੰ ਜਾਰੀ ਰਖਣਾ ਚਾਹੁੰਦੇ ਹਾਂ।

ਗਲ ਦੀ ਗਲ ਵਿਚ ਨਕਾਬਪੋਸ਼ ਓਥੇ ਆ ਪਹੁੰਚਾ ਜਿਥੇ ਅਦਭੁਤ ਆਦਮੀ ਬੇਹੋਸ਼ ਪਿਆ ਹੋਯਾ ਸੀ ਤੇ ਓਸਦੇ ਸਾਹਮਣੇ ਹੀ ਇਕ ਪੱਥਰ ਦੀ ਸਿਲ ਤੇ ਤਾਰਾ ਬੇਹੋਸ਼ ਪਈ ਹੋਈ ਸੀ ਅਰ ਕਮਲਨੀ ਬੜੇ ਪਿਆਰ ਨਾਲ ਉਸਦਾ ਸਿਰ ਘੁਟਦੀ ਤੇ ਹੈਰਾਨ ਹੋਕੇ ਦੇਖ ਰਹੀ ਸੀ॥

ਦੇਵੀ ਸਿੰਘ—(ਨਕਾਬਪੋਸ਼ ਨੂੰ) ਤੁਸੀਂ ਏਥੇ ਕਿਸਤਰਾਂ ਆਏ ਹੋ? ਕੀ ਏਥੋਂ ਦਾ ਰਸਤਾ ਤੁਹਾਨੂੰ ਮਲੂੰਮ ਸੀ?

ਨਕਾਬਪੋਸ਼—ਨਹੀਂ ਮੈਂ ਤੁਹਾਡੇ ਪਿਛੇ ਪਿਛੇ ਏਥੋਂ ਤਕ

ਆਇਆ ਹਾਂ, ਇਹ ਕਹਿਕੇ ਓਸਨੇ ਆਪਣੇ ਮੂੰਹ ਤੋਂ ਨਕਾਬ ਲਾਹ ਸੁਟੀ ਸਭਨਾਂ ਨੇ ਤੇਜ ਸਿੰਘ ਨੂੰ ਪਛਾਣ ਲਿਆ ਅਰ ਬੜੇ ਹੈਰਾਨ ਹੋਏ। ਭੈਰੋਂ ਸਿੰਘ ਛੇਤੀ ਨਾਲ ਉਠਕੇ ਪਿਤਾ ਦੇ ਪੈਰੀਂ ਪਿਆ ਦੇਵੀ ਸਿੰਘ ਤੇਜ ਸਿੰਘ ਗਲ ਮਿਲੇ ਫੇਰ ਕਿਸ਼ੋਰੀ ਕਾਮਨੀ, ਲਾਡਲੀ ਤੇ ਕਮਲਨੀ ਨੇ ਭੀ ਉਨ੍ਹਾਂ ਨੂੰ ਰਾਮ ਰਵੱਜਾਕੀਤਾ।

ਦੇਵੀ:—(ਤੇਜ ਸਿੰਘ ਨੂੰ) ਕੀ ਆਪ ਹੀ ਓਹ ਨਕਾਬਪੋਸ਼ ਹੋ ਜਿਸਦਾ ਹਾਲ ਮੈਂ ਭੂਤਨਾਥ ਦੇ ਮੂੰਹੋਂ ਸੁਣਿਆਂ ਹੈ ?

ਤੇਜ:—ਹਾਂ ਮੈਂਹੀ ਸਾਂ ਪਰ ਭੂਤਨਾਥ ਨੂੰ ਇਸ ਗਲ ਦਾ ਸੰਦੇਹ ਭੀ ਨਹੀਂ ਹੋਵੇਗਾ ਕਿ ਨਕਾਬਪੋਸ਼ ਵਾਸਤਵ ਵਿਚ ਤੇਜ ਸਿੰਘ ਹੈ (ਅਦਭੁਤ ਆਦਮੀ ਵਲ ਸੈਨਤ ਕਰਕੇ) ਇਸਦੀਆਂ ਤੇ ਭੂਤਨਾਥ ਦੀਆਂ ਜੋ ਕਛ ਗਲਾਂ ਹੋਈਆਂ ਸਨ ਓਹ ਤੁਸਾਂ ਭੂਤਨਾਥ ਦੀ ਜ਼ਬਾਨੀ ਸੁਣੀਆਂ ਹੋਣਗੀਆਂ !

ਦੇਵੀ:—ਹਾਂ ਸੁਣੀਆਂ ਤਾਂ ਹਨ ਪਰ ਮੈਨੂੰ ਨਿਸਚਾ ਨਹੀਂ ਹੁੰਦਾ ਕਿ ਭੂਤਨਾਥ ਨੇ ਜੋ ਕੁਛ ਕਿਹਾ ਹੈ ਸੋ ਸੱਚ ਹੈ।

ਤੇਜ:—ਠੀਕ ਹੈ ਰਾਤ ਮੈਂ ਭੀ ਭੂਤ ਨਾਥ ਵਲੋਂ ਏਹੋ ਸੋਚਦਾ ਸੀ ਹਛਾ ਮੈਂ ਤੁਹਾਨੂੰ ਸਭ ਹਾਲ ਸੁਨਾਉਂਦਾ ਹਾਂ, ਮੈਂ ਤਾਰਾ ਸਿੰਘ ਨੂੰ ਨਾਲ ਲੈਕੇ ਰੋਹਤਾਸਗੜ੍ਹ ਗਿਆ ਸੀ ਅਰ ਉਸ ਵੇਲੇ ਮੈਂ ਓਥੇ ਹੀ ਸੀ ਜਦ ਇਹ ਖਬਰ ਪਹੁੰਚੀ ਕਿ ਕਮਲਨੀ ਦੇ ਤਲਿਸਮੀ ਮਕਾਨ ਨੂੰ ਵੈਰੀਆਂ ਨੇ ਘੇਰ ਲਿਆ ਹੈ ਮੈਂ ਤੁਰਤ ਥੋੜੇ ਜੇਹੇ ਫੌਜੀ ਸਿਪਾਹੀਆਂ ਨੂੰ ਉਨ੍ਹਾਂ ਦਾ ਟਾਕਰਾ ਕਰਨਲਈ ਭੇਜਿਆ ਤੇ ਦੋ ਘੰਟੇ ਪਿਛੋਂ ਆਪ ਭੀ ਭੇਸ ਬਦਲਕੇ ਤਾਰਾ ਸਿੰਘ ਨੂੰ ਨਾਲ ਲੈਕੇ ਓਸੇ ਪਾਸੇ ਤੁਰਪਿਆ, ਪਹਿਲੀ ਰਾਤ ਹੀ ਸੀ ਜਦ ਅਸੀ ਇਕ ਬਨ ਵਿਚ ਪਹੁੰਚੇ ਓਸੇ ਵੇਲੇ ਘੋੜਿਆਂ ਦੇ

ਸੁੰਮਾਂ ਦੀ ਆਵਾਜ਼ ਆਉਣ ਲਗ ਪਈ ਜੋ ਪਿਛਲੇ ਪਾਸਿਓਂ ਆ ਰਹੀ ਸੀ ਤੇ ਹੌਲੀ ਹੌਲੀ ਨੇੜੇ ਆਉਂਦੀ ਜਾਂਦੀ ਸੀ। ਅਸੀਂ ਦੋਵੇਂ ਇਹ ਸੋਚਕੇ ਇਕ ਬ੍ਰਿਛ ਦੇ ਓਹਲੇ ਹੋ ਗਏ ਕਿ ਇਹ ਸਵਾਰ ਅਗੇ ਨਿਕਲਜਾਣ ਤਾਂ ਚਲੀਏ, ਪਰ ਜਦ ਓਹ ਘੋੜਾ ਸਾਡੇ ਪਾਸੋਂ ਦੀ ਲੰਘਿਆ ਤਾਂ ਅਸਾਂ ਦੇਖਿਆ ਕਿ ਉਸ ਉਤੇ ਇਕ ਨਹੀਂ ਸਗੋਂ ਦੋ ਸਵਾਰ ਹਨ ਅਰ ਜੋ ਪਿਛੇ ਵਲ ਹੈ ਓਹ ਇਸਤ੍ਰੀ ਹੈ ਉਸਦੇ ਇਸਤ੍ਰੀ ਹੋਣ ਦਾ ਪਤਾ ਮੈਨੂੰ ਇਸਤਰਾਂ ਲਗਾ ਕਿ ਜਦ ਓਹ ਸਾਡੇ ਪਾਸ ਪਹੁੰਚੀ ਤਾਂ ਓਸਨੇ ਆਪਣੇ ਸਾਥੀ ਨੂੰ ਕਿਹਾ:-"ਜਰਾ ਠਹਿਰੋ ਮੈਂ ਏਥੋਂ ਉਤਰਕੇ ਕੁਛ ਪਲਾਂ ਲਈ ਤੁਹਾਥੋਂ ਵਿਛੜਾਂਗੀ।" ਬਸ ਏਸਤੋਂ ਮੈਨੂੰ ਨਿਸਚਾ ਹੋਗਿਆ ਕਿ ਓਹ ਇਸਤ੍ਰੀ ਹੈ। ਘੋੜਾ ਰੋਕਕੇ ਓਹ ਸਵਾਰ ਉਤਰ ਬੈਠਾ ਅਰ ਉਸਨੇ ਹਥ ਦਾ ਸਹਾਰਾ ਦੇਕੇ ਉਸ ਇਸਤ੍ਰੀ ਨੂੰ ਭੀ ਉਤਾਰਿਆ।

ਇਹ ਕਹਿਕੇ ਤੇਜ ਸਿੰਘ ਠਹਿਰ ਗਿਆ ਅਰ ਬੋਲਿਆ ਮੈਨੂੰ ਇਸ ਵੇਲੇ ਇਹ ਪ੍ਰਸੰਗ ਸੁਣਾਉਣਾ ਚੰਗਾ ਨਹੀਂ ਮਲੂੰਮ ਹੁੰਦਾ।

ਕਮਲਨੀ-ਓਹ ਕਿਉਂ ?

ਤੇਜ:-ਇਸ ਲਈ ਕਿ ਇਕ ਪਾਸੇ ਮੈਂ ਦੇਚਾਰੀ ਤਾਰਾ ਨੂੰ ਬੇਹੋਸ਼ ਪਈ ਦੇਖਦਾ ਹਾਂ ਦੂਸਰੇ ਪਾਸੇ ਕਿਸੇਹੀ ਤੇ ਕਾਮਨੀ ਅਜੇਹੀਆਂ ਮਲੂੰਮ ਹੁੰਦੀਆਂ ਹਨ ਮਾਨੋਂ ਕਈਆਂ ਵਰਿਹਾਂ ਤੋਂ ਬੀਮਾਰ ਹਨ ਤੂੰ ਭੀ ਬਹੁਤ ਸੁਸਤ ਤੇ ਉਦਾਸ ਨਜ਼ਰ ਆਉਂਦੀ ਹੈਂ ਇਸ ਲਈ ਮਨ ਚਾਹੁੰਦਾ ਹੈ ਕਿ ਪਹਿਲਾਂ ਏਥੋਂ ਦਾ ਹਾਲ ਸੁਣ ਲਵਾਂ।

ਕਮਲਨੀ-ਆਪਦਾ ਕਹਿਣਾ ਠੀਕ ਹੈ ਪਰ ਫੇਰ ਭੀ ਮੈਂ ਚਾਹੁੰਦੀ ਹਾਂ ਕਿ ਪਹਿਲੇ ਓਥੋਂ ਦਾ ਹਾਲ ਸੁਣ ਲਵਾਂ।

ਤੇਜਸ:-ਚਲਾ ਮੈਂ ਸੰਖੇਪ ਵਿਚ ਹੀ ਸੁਣਾ ਦੇਂਦਾ ਹਾਂ ਇਹ ਕਹਿਕੇ ਤੇਜ ਸਿੰਘ ਬੋਲਿਆ:- ਜਦ ਓਸ ਇਸਤ੍ਰੀ ਆਪਣੇ ਕੰਮ ਤੋਂ ਵੇਹਲੀ ਹੋਕੇ (ਜਿਸ ਲਈ ਘੋੜੇ ਤੋਂ ਉਤਰੀ ਸੀ) ਆਪਣੇ ਸਾਥੀ ਪਾਸ ਆਈ ਤਾਂ ਬੋਲੀ:- ਭੂਤ ਨਾਥ ਤਾਂ ਤੁਹਾਨੂੰ ਵੇਖਦਿਆਂ ਹੀ ਮੁਰਦੇ ਵਾਂਗ ਹੋਗਿਆ। ਇਸਦੇ ਉੱਤਰ ਵਿਚ ਉਸਦੇ ਸਾਥੀ ਨੇ ਜੋ ਵਾਸਤਵ ਵਿਚ ਏਹੋ ਅਦਭੁਤ ਆਦਮੀ ਸੀ) ਕਿਹਾ ਹਾਂ ਹੈ ਤਾਂ ਅਜੇਹੀ ਹੀ ਗੱਲ। ਕਿਉਂਕਿ ਭੂਤ ਨਾਥ ਮੈਨੂੰ ਮੋਇਆ ਹੋਇਆ ਸਮਝ ਚੁਕਾ ਸੀ। ਦੇਖੋ ਤਾਂ ਸਹੀ ਅਜ ਮੇਰੇ ਤੇ ਓਸਦੇ ਕੀ ਕੀ ਹਤ ਹੁੰਦੇ ਹਨ, ਅਜ ਮੈਂ ਓਸਨੂੰ ਜਰੂਰ ਆਪਣੇ ਨਾਲ ਲੈਜਾਵਾਂਗਾ ਨਹੀਂ ਤਾਂ ਓਸਦਾ ਸਾਰਾ ਭਾਂਡਾ ਭੰਨ ਦੇਵਾਂਗਾ ਜੋ ਬੜਾ ਨੇਕ ਤੇ ਬਹਾਦਰ ਬਣਿਆਂ ਫਿਰਦਾ ਹੈ। ਇਹ ਕਹਿਕੇ ਓਹ ਦੋਵੇਂ ਘੋੜੇ ਤੇ ਚੜ੍ਹਕੇ ਮੱਗੇ ਨੂੰ ਤੁਰ ਪਏ। ਮੇਰੇ ਮਨ ਵਿਚ ਕਈ ਤਰਾਂ ਦੀਆਂ ਵਿਚਾਰਾਂ ਉਠ ਰਹੀਆਂ ਸਨ ਅਸੀ ਬੇਵਸ ਹੋਕੇ ਓਹਨਾਂ ਦੇ ਅਗਰ ੨ ਤੁਰ ਪਏ ਕਿਉਂਕਿ ਓਹਨਾਂ ਦਾ ਭੇਦ ਜਾਨਣਾ ਬਹੁਤ ਜ਼ਰੂਰੀ ਸੀ। ਮੇਰੇ ਮਨ ਵਿਚੋਂ ਇਸ ਗੱਲ ਦੀ ਚਿੰਤਾ ਹੀ ਉਡ ਗਈ ਕਿ ਸਾਡੇ ਫੌਜੀ ਸਿਪਾਹੀ ਟਾਕਰੇ ਵੇਲੇ ਕੀ ਕਰਨਗੇ ਏਹੋ ਧੁਨ ਲਗ ਗਈ ਕਿ ਇਹ ਆਦਮੀ ਕੌਣ ਹੈ? ਭੂਤ ਨਾਥ ਦਾ ਤੇ ਇਸਦਾ ਕੀ ਸੰਬੰਧ ਹੈ ਇਸਦਾ ਪਤਾ ਲੈਣਾ ਚਾਹੀਏ, ਸੋ ਅਸੀ ਉਨਾਂ ਦੇ ਅਗਰ ੨ ਤੁਰ ਪਏ ਪਰ ਸਾਨੂੰ ਬਹੁਤ ਦੂਰ ਨ ਜਾਣਾ ਪਿਆ ਅਰ ਅਸੀ ਓਥੇ ਜਾ ਪਹੁੰਚੇ ਜਿਥੇ ਬਨ ਵਿਚ ਭਗਵਾਨੀ ਤੇ ਸ਼ਾਮ ਸੁੰਦਰ

ਵਿਚ ਝਗੜਾ ਹੋਰਿਹਾ ਸੀ, ਥੋੜੇ ਚਿਰ ਪਿਛੋਂ ਤੁਸੀ ਭੀ ਓਥੇ ਪਹੁੰਚ ਗਏ ਪਰ ਮੈਂ ਜਾਣ ਬੁਝਕੇ ਤੁਹਾਨੂੰ ਨਹੀਂ ਮਿਲਿਆ ਅਤੇ ਉਸ ਅਦਭੁਤ ਆਦਮੀ ਦੇ ਪਿਛੇ ਪਿਆ ਰਿਹਾ ਏਥੋਂ ਤਕ ਕਿ ਤੁਸੀ ਚਲੇ ਗਏ ਤੇ ਮੈਂ ਅਨੋਖੀ ਘਟਨਾ ਦੇਖੀ।

ਇਸਦੇ ਪਿਛੋਂ ਤੇਜ ਸਿੰਘ ਨੇ ਓਹ ਸਾਰਾ ਹਾਲ ਦਸਿਆ ਜੋ ਅਸੀਂ ਪਿਛੇ ਲਿਖ ਆਏ ਹਾਂ ਜਿਸਨੂੰ ਮੁੜ ਏਥੇ ਲਿਖਣ ਦੀ ਲੋੜ ਨਹੀਂ, ਹਾਂ ਦੂਸਰੇ ਨਕਾਬਪੋਸ਼ ਵਲੋਂ ਦਸ ਦੇਂਦੇ ਹਾਂ ਕਿ ਓਹ ਤਾਰਾ ਸਿੰਘ ਸੀ ਜਿਸਨੇ ਭਗਵਾਨੀ ਨਾਮੀ ਜਾਂਦੀ ਨੂੰ ਫੜ ਲਿਆ ਸੀ ਅਤੇ ਜਿਸਦੇ ਪਾਸ ਪਹੁੰਚਣ ਲਈ ਤੇਜ. ਸਿੰਘ ਨੇ ਨਾਮ ਸੁੰਦਰ ਸਿੰਘ ਨੂੰ ਕਿਹਾ ਸੀ।

ਇਤਨੀ ਗਲ ਕਹਿਣ ਦੇ ਪਿਛੋਂ ਤੇਜ ਸਿੰਘ ਨੇ ਕਿਹਾ ਜਦ ਓਹ ਅਦਭੁਤ ਆਦਮੀ ਭੂਤਨਾਥ ਨੂੰ ਨਾਲ ਲੈਕੇ ਤੁਰ ਪਿਆ ਤਾਂ ਮੈਂ ਭੀ ਉਸਦੇ ਪਿਛੇ ੨ ਤੁਰ ਪਿਆ, ਰਸਤੇ ਵਿਚ ਦੇਵੀ ਸਿੰਘ ਮਿਲ ਪਿਆ। ਦੇਵੀ ਸਿੰਘ ਓਸ ਨੂੰ ਫੜ ਕੇ ਏਥੇ ਲੈ ਆਇਆ ਮੈਂ ਭੀ ਚੁਪ ਚਾਪ ਪਿਛੇ ੨ ਤੁਰਿਆ ਆਇਆ।

ਇਹ ਕਹਿਕੇ ਤੇਜ ਸਿੰਘ ਚੁਪ ਹੋਕੇ ਤਾਰਾ ਵਲ ਦੇਖਣ ਲਗ ਪਿਆ।

ਕਮਲਨੀ—ਇਹ ਬੜੀ ਅਨੋਖੀ ਕਹਾਣੀ ਹੈ ਜਰੂਰ ਇਸਦੇ ਅੰਦਰ ਕੋਈ ਭਾਰਾ ਭੇਤ ਹੈ।

ਤੇਜ ਸਿੰਘ—ਮੈਂ ਸਮਝਦਾ ਹਾਂ ਕਿ ਅਜ ਬੜੀਆਂ ਗਲ ਦਾ ਭੇਦ ਖੁਲੇਗਾ, ਹੁਣ ਕੋਈ ਅਜੇਹਾ ਢੰਗ ਜਾਏ ਕਰਨਾ ਚਾਹੀਦਾ ਹੈ ਜਿਸ ਨਾਲ ਇਹ (ਅਦਭੁਤ ਆਦਮੀ) ਆਪਣੇ ਸੱਚਾ ਸੱਚਾ ਹਾਲ ਦਸ ਦੇਵੇ।

ਦੇਵੀ:-ਤਾਂ ਇਸਨੂੰ ਹੋਸ਼ ਵਿਚ ਲਿਆਉਣਾ ਚਾਹੀਦਾ ਹੈ।

ਤੇਜ:-ਨਹੀਂ ਇਸਨੂੰ ਖਿਆ ਰਹਿਣ ਦਿਓ, ਪਹਿਲਾਂ ਤਾਰਾ ਨੂੰ ਹੋਸ਼ ਵਿਚ ਲਿਆਓ।

ਦੇਵੀ ਸਿੰਘ ਬਹੁਤ ਅੱਛਾ ਕਹਿਕੇ ਤਾਰਾ ਨੂੰ ਹੋਸ਼ ਵਿਚ ਲਿਆਉਣ ਦਾ ਪ੍ਰਬੰਧ ਕਰਨ ਲਗਾ, ਕਮਲਨੀ ਨੂੰ ਤੇਜ ਸਿੰਘ ਨੇ ਕਿਹਾ ਜਦ ਤਕ ਇਹ ਹੋਸ਼ ਵਿਚ ਨਹੀਂ ਆਉਂਦੀ ਤੁਸੀ ਆਪਣਾ ਪ੍ਰਸਿੱਧ ਸੁਨਾਈ ਜਾਓ। ਕਮਲਨੀ ਨੇ ਓਸੇ ਤਰਾਂ ਕੀਤਾ ਅਰਥਾਤ ਆਪਣਾ ਕਿਸ਼ੋਰੀ, ਕਾਮਨੀ ਅਤੇ ਤਾਰਾ ਦਾ ਸਭ ਹਾਲ ਸੁਨਾਇਆ, ਇਤਨੇ ਚਿਰ ਵਿਚ ਤਾਰਾ ਭੀ ਹੋਸ਼ ਵਿਚ ਆਕੇ ਹਾਲ ਬਾਤ ਕਰਨ ਜੋਗੀ ਹੋਗਈ।

ਕਮਲਨੀ-(ਤਾਰਾ ਨੂੰ) ਕਿਉਂ ਭੈਣ ਹੁਣ ਤੇਰਾ ਕੀ ਹਾਲ ਹੈ ?

ਤਾਰਾ-ਤਕੜੀ ਹਾਂ।

ਕਮਲਨੀ-ਤੂੰ ਇਸ ਅਦਭੁਤ ਆਦਮੀ ਨੂੰ ਦੇਖਕੇ ਕਿਉਂ ਡਰ ਗਈ ? ਕੀ ਤੂੰ ਇਸਨੂੰ ਪਛਾਣਦੀ ਹੈਂ ?

ਤਾਰਾ-ਹਾਂ ਪਛਾਣਦੀ ਹਾਂ ਪਰ ਸ਼ੋਕ ਕਿ ਆਪਣੇ ਮੂੰਹੋਂ ਕੁਛ ਹਾਲ ਨਹੀਂ ਦਸ ਸਕਦੀ,(ਅਦਭੁਤ ਆਦਮੀ ਵਲ ਦੇਖਕੇ) ਹਾਇ! ਇਸ ਵਿਚਾਰੇ ਨੇ ਕਿਸੇ ਦਾ ਕੁਛ ਨਹੀਂ ਵਿਗਾੜਿਆ, ਫੇਰ ਲੋਕ ਇਸਦੇ ਪਿਛੇ ਕਿਉਂ ਪਏ ਹੋਏ ਹਨ !

ਕਮਲਨੀ-ਤਾਰਾ ਮੇਰੀ ਸਮਝ ਵਿਚ ਨਹੀਂ ਆਉਂਦਾ ਕਿ ਤੂੰ ਇਸਦਾ ਭੇਤ ਜਾਣਕੇ ਭੀ ਕਿਉਂ ਇਤਨਾ ਲੁਕੋਂਦੀ ਹੈਂ? ਕੀ ਤੂੰ ਨਹੀਂ ਸੁਣਿਆਂ ਕਿ ਭੂਤਨਾਥ ਤੇ ਇਸ ਦੀਆਂ ਕੀ ਚਾਲਾਂ ਹੋਈਆਂ ਹਨ ? ਪਰ ਫੇਰ ਭੀ ਮੈਂ ਦੇਖਦੀ ਹਾਂ ਕਿ ਤੂੰ ਇਸਨੂੰ

ਆਪਣਿਆਂ ਵਾਂਗ ਦੇਖ ਰਹੀ ਹੈਂ ?

ਤਾਰਾ—(ਹਾਉਕਾ ਭਰਕੇ) ਹਾਂਇ ! ਹੁਣ ਮੈਂ ਆਪਣੇ ਮਨ ਨੂੰ ਕਿਸੇ ਤਰਾਂ ਨਹੀਂ ਰੋਕ ਸਕਦੀ, ਅਜ ਤਕ ਮੈਂ ਇਹ ਭੇਤ ਇਸ ਲਈ ਲੁਕਾ ਛਡਿਆ ਸੀ ਕਿ ਵਿਪਤਾ ਦੇ ਦਿਨ ਨਿਕਲਨ ਜਾਣ ਤੇ ਦਸਾਂਗੀ ਪਰ ਹੁਣ ਮੈਂ ਨਹੀਂ ਲੁਕਾ ਸਕਦੀ ਕਮਲਨੀ ਤੂੰ ਮੇਰੀ ਸਖੀ ਭੈਣ ਹੈਂ ਮੈਂ ਤੇਰੀ ਵਡੀ ਹਾਂ ਮੇਰਾ ਹੀ ਨਾਉਂ ਲਛਮੀ ਦੇਵੀ ਹੈ।

ਕਮਲਨੀ—(ਹੈਰਾਨ ਹੋਕੇ ਤੇ ਤਾਰਾ ਨੂੰ ਜਫੀ ਪਾਕੇ) ਹਾਂਇ ! ਮੇਰੀ ਪਿਆਰੀ ਭੈਣ ਕੀ ਤੂੰ ਸਚ ਮੁਚ ਲਛਮੀ ਦੇਵੀ ਹੈਂ ?

ਤਾਰਾ—ਹਾਂ ਅਰ ਇਹ ਅਦਭੁਤ ਆਦਮੀ ਸਾਡਾ ਪਿਤਾ ਹੈ।

ਕਮਲਨੀ—ਸਾਡਾ ਪਿਤਾ ਬਲਭੱਦ੍ਰ ਸਿੰਘ !!!

ਤਾਰਾ—ਹਾਂ ਏਹੋ ਮੇਰਾ ਤੇਰਾ ਤੇ ਲਾਡਲੀ ਦਾ ਪਿਓ ਹੈ, ਦੁਸ਼ਟਾ ਮਾਧਾਰਾਣੀ ਦੇ ਕਾਰਨ ਇਹ ਭੀ ਮੇਰੇ ਨਾਲ ਹਨੇਰੀ ਕੋਠੜੀ ਵਿਚ ਫਸਿਆ ਰਿਹਾ, ਨੀਚ ਦਰੋਗੇ ਨੇ ਏਨੇ ਤੇ ਭੀ ਸਬਰ ਨ ਕਰਕੇ ਇਸਨੂੰ ਵਿਹੁ ਦੇ ਦਿੱਤੀ, ਪਰੰਤੂ ਇਕ ਸਹਾਇਕ ਪਹੁੰਚ ਗਿਆ ਜਿਸ ਕਰਕੇ ਜਾਨ ਤਾਂ ਬਚ ਗਈ ਪਰ ਤੇਜ਼ ਜ਼ਹਿਰ ਦੇ ਕਾਰਨ ਇਨ੍ਹਾਂ ਦਾ ਸਰੀਰ ਫੁੱਟ ਗਿਆ, ਚੇਹਰਾ ਵਿਗੜ ਗਿਆ, ਜਿਸ ਕਰਕੇ ਤੁਸੀਂ ਨਹੀਂ ਪਛਾਣ ਸਕੀਆਂ, ਏਹੋ ਹੀ ਨਹੀਂ ਸਗੋਂ ਹੋਰ ਭੀ ਬਹੁਤ ਸਾਰੇ ਦੁਖ ਭੋਗਣੇ ਪਏ। (ਰੋਕੇ) ਹਾਇ ! ਮੇਰੇ ਕਲੇਜੇ ਨੂੰ ਕੀ ਹੁੰਦਾ ਜਾਂਦਾ ਹੈ, ਮੈਂ ਇਹ ਵਿਪਤਾ ਤੇ ਦੁਖ ਆਪਣੇ ਮੂੰਹੋਂ ਨਹੀਂ ਦਸ ਸਕਦੀ ਤੁਸੀ ਆਪ ਹੀ ਆਪਣੇ ਪਿਤਾ ਦੇ ਮੂੰਹੋਂ ਸੁਣ ਲੈਣਾ ਜੋ ਸਬਬ ਨਾਲ ਏਨੇ ਚਿਰ ਦੇ ਵਿਛੜੇ ਹੋਏ ਮਿਲ ਪਏ ਹਨ।

ਪਾਠਕ ਜੀ ! ਆਪ ਸਮਝ ਹੀ ਗਏ ਹੋਵੋਗੇ ਕਿ ਤਾਰਾ ਦੀਆਂ ਇਨਾਂ ਗਲਾਂ ਦਾ ਕਮਲਨੀ ਤੇ ਕੀ ਅਸਰ ਹੋਇਆ ਹੋਵੇਗਾ। ਤੇਜ ਸਿੰਘ ਤੇ ਤੇਜ ਸਿੰਘ ਦੀ ਕੀਤਾਰ ਹੋਈ ਹੋਵੇਗੀ ਦੇਵੀ ਸਿੰਘ ਕਿਨਾਂਕੁ ਸ਼ਰਮਿੰਦਾ ਹੋਇਆ ਹੋਵੇਗਾ, ਜਿਸਨੇ ਪੱਥਰ ਮਾਰ ਕੇ ਸਿਰ ਪਾੜ ਦਿੱਤਾ ਸੀ। ਕਮਲਨੀ ਛਤੀ ਨਾਲ ਉਠ ਕੇ ਆਪਣੇ ਪਿਉ ਦੇ ਪਾਸ ਗਈ ਅਤ ਉਸਨੂੰ ਲੰਬੜ ਕੇ ਰੋਣ ਲਗ ਪਈ। ਤੇਜ ਸਿੰਘ ਨੇ ਝੱਟ ਲਖ ਲਖੇ ਦੀ ਤੱਬੀ ਕੱਢ ਕੇ ਲੁੰਪਾਈ ਬਲਭੱਦ ਸਿੰਘ ਹੋਸ਼ ਵਿਚ ਆਕੇ ਉਠ ਬੈਠਾ ਅਤ ਚੌਹੀਂ ਪਾਸੀਂ ਵੇਖਣ ਲਗ ਪਿਆ, ਜਦ ਉਸਦੀ ਨਜ਼ਰ ਕਮਲਨੀ ਤੇ ਲਾਡਲੀ ਵੱਲ ਪਈ ਤਾਂ ਉਸਨੇ ਅੱਖਾਂ ਵਿਚ ਅਥਰੂ ਭਰਕੇ ਬਿੜਕਵੀਂ ਆਵਾਜ਼ ਵਿਚ ਕਿਹਾ ਕਿ:—ਕੀ ਤਾਰਾ ਨੇ ਮੇਰੇ ਜਾਂ ਆਪਣੇ ਵਲੋਂ ਕੋਈ ਨਵੀਂ ਗਲ ਕਹੀ ਹੈ ? ਜਿਸ ਨਜ਼ਰ ਨਾਲ ਤੁਸੀਂ ਮੈਨੂੰ ਵੇਖ ਰਹੀ ਹੋ ਉਸਤੋਂ ਪ੍ਰਤੀਤ ਹੁੰਦਾ ਹੈ ਕਿ ਤਾਰਾ ਨੇ ਮੈਨੂੰ ਪਛਾਣ ਲਿਆ ਹੈ ਅਤ ਆਪਣੇ ਤੇ ਮੇਰੇ ਵਲੋਂ ਕੁਛ ਦਸਿਆ ਹੈ।

ਕਮਲਨੀ—(ਸਦਕਾ ਹੋਕੇ) ਹਾਂ ਤਾਰਾ ਨੇ ਆਪਣਾ ਤੇ ਆਪ ਦਾ ਪਤਾ ਮੈਨੂੰ ਦਸਕੇ ਅਤਯੰਤ ਪ੍ਰਸੰਨ ਕੀਤਾ ਹੈ।

ਬਲਭੱਦ:—ਤਾਂ ਫੇਰ ਮੈਂ ਆਪਣੇ ਆਪਨੂੰ ਕਿਸ ਤਰਾਂ ਲੁਕਾ ਸਕਦਾ ਹਾਂ ਅਤ ਕਿਸ ਤਰਾਂ ਇਸਤੋਂ ਮੁੱਕਰ ਸਕਦਾ ਹਾਂ ਕਿ ਮੈਂ ਤੁਸਾਂ ਤਿੰਨਾਂ ਭੈਣਾਂ ਦਾ ਬਾਪ ਨਹੀਂ ਹਾਂ, ਹਾਇ ! ਮੈਂ ਆਪਣੇ ਵੈਰੀਆਂ ਤੋਂ ਬਦਲਾ ਲੈਣ ਲਈ ਕੁਛ ਚਿਰ ਹੋਰ ਲੁਕਿਆ ਰਹਿਣਾ ਚਾਹੁੰਦਾ ਸਾਂ। ਕਮਲਨੀ ! ਸਚ ਦਸ ਤੂੰ ਕਦੀ ਸੋਚਦੀ ਸੀ ਕਿ ਮੇਰਾ ਪਿਉ ਜੀਉਂਦਾ ਹੈ ?

ਕਮਲਨੀ-ਸ਼ੋਕ ! ਮੈਂ ਕਈ ਵਾਰੀ ਆਪ ਦੇ ਨਾਉਂ ਤੇ ਸ਼ਰਾਪ ਕਰ ਚੁਕੀ ਹਾਂ ਕਿਉਂਕਿ ਮੈਨੂੰ ਦਸਿਆ ਗਿਆ ਸੀ ਕਿ ਆਪ ਦਾ ਹੱਥ ਹੁਣ ਸਾਡੇ ਸਿਰ ਤੋਂ ਚੁਕਿਆ ਗਿਆ ਹੈ ਪਰੰਤੂ ਅਜ ਦੀ ਪ੍ਰਸੰਨਤਾ ਦਾ ਕੁਛ ਅੰਤ ਨਹੀਂ ਰਿਹਾ।

ਬਲਭੱਦ੍ਰ ਸਿੰਘ ਉਠ ਕੇ ਤਾਰਾ ਦੇ ਪਾਸ ਗਿਆ, ਤਾਰਾ ਪਿਉ ਦੇ ਗਲ ਲਗ ਕੇ ਉੱਚੀ ੨ ਰੋਣ ਲਗ ਪਈ, ਇਸਦੇ ਪਿਛੋਂ ਲਾਡਲੀ ਦੀ ਵਾਰੀ ਆਈ ਉਸਨੇ ਭੀ ਰੋ ਰੋ ਕੇ ਆਪਣਾ ਮਨ ਸ਼ਾਂਤ ਕੀਤਾ, ਫੇਰ ਆਜਾਲੀ ਨੂੰ ਗਲਾਂ ਕੱਢ ਕੀ ਰਹੀ ਅੱਧਾ ਘੰਟਾ ਏਹੋ ਦਸ਼ਾ ਰਹੀ ਫੇਰ ਤੇਜ ਸਿੰਘ ਨੇ ਸਭਨਾਂ ਨੂੰ ਸਮਝਾ ਬੁਝਾ ਕੇ ਸ਼ਾਂਤ ਕੀਤਾ, ਫਿਰ ਹੋਰ ਗਲਾਂ ਹੋਣ ਲਗ ਪਈਆਂ। ਫੇਰੀ ਸਿੰਘ ਨੇ ਬਲਭੱਦ੍ਰ ਸਿੰਘ ਨੂੰ ਕਿਹਾ ਕਿ ਮੈਂ ਆਪ ਤੋਂ ਖਿਮਾ ਚਾਹੁੰਦਾ ਹਾਂ ਕਿਉਂਕਿ ਜੋ ਭੁਲ ਹੋਈ ਹੈ ਓਹ ਮੇਰੇ ਅਨਜਾਣ ਪੁਣੇ ਵਿਚ ਹੋਈ ਹੈ।

ਬਲਭੱਦ੍ਰ-(ਹੱਸਕੇ) ਨਹੀਂ ਮੈਨੂੰ ਇਸ ਗਲ ਦਾ ਕੁਛ ਗੁੱਸਾ ਨਹੀਂ ਹੈ ਹੁਣ ਤਾਂ ਸਗੋਂ ਮੈਨੂੰ ਸਿਰਫ ਤੁਸਾਂ ਲੋਕਾਂ ਦਾ ਹੀ ਭਰੋਸਾ ਹੈ ਪਰ ਸ਼ੋਕ ਇਹ ਹੈ ਕਿ ਭੂਤਨਾਥ ਤੁਹਾਡਾ ਮਿਤ੍ਰ ਹੈ ਜਿਸਨੂੰ ਮੈਂ ਕਿਸੇ ਤਰਾਂ ਖਿਮਾਂ ਨਹੀਂ ਕਰ ਸਕਦਾ।

ਤੇਜ:-ਸਾਨੂੰ ਬੜਾ ਹੀ ਅਚੰਭਾ ਹੋ ਰਿਹਾ ਹੈ ਕੁਛ ਸਾਮਝ ਵਿਚ ਨਹੀਂ ਆਉਂਦਾ ਕਿ ਤੁਹਾਡੇ ਤੇ ਭੂਤਨਾਥ ਵਿਚ ਕੀ ਝਗੜਾ ਹੈ ?

ਬਲਭੱਦ੍ਰ-(ਤੇਜ ਸਿੰਘ ਨੂੰ) ਮਾਲੂਮ ਹੁੰਦਾ ਹੈ ਕਿ ਤੁਸਾਂ ਅਜੇ ਤਕ ਓਹ ਗੰਢ ਨਹੀਂ ਖੋਲੀ ਜੋ ਤੁਸਾਂ ਇਕ ਇਸਤ੍ਰੀ ਪਾਸੋਂ ਬੱਧੀ ਸੀ ਅਤ ਹੁਣ ਭੀ ਆਪ ਦੇ ਪਾਸ ਹੈ।

ਤੇਜਃ-(ਰੰਞ ਦਿਖਾਕੇ) ਨਹੀਂ ਮੈਂ ਅਜੇ ਤਕ ਇਸਨੂੰ ਨਹੀਂ ਖੋਲਿਆ।

ਬਲਭੱਦਰਃ-ਤਦੇ ਆਪ ਅਜੇਹਾ ਪੁਛਦੇ ਹੋ ਲਓ ਹੁਣ ਇਸਨੂੰ ਖੋਹਲੋ।

ਕਮਲਨੀ-ਓਹ ਇਸਤ੍ਰੀ ਕੌਣ ਸੀ ?

ਬਲਭੱਦਰਃ-ਉਸਦਾ ਹਾਲ ਭੀ ਮਲੂੰਮ ਹੋ ਜਾਵੇਗਾ ਤੁਸੀ ਪਹਿਲਾਂ ਰੰਞ ਖੋਹਲੋ।

ਬਹੁਤ ਹਠ ਕਰਕੇ ਤੇਜ ਸਿੰਘਨੇ ਰੰਞ ਖੋਲਕੇ ਕਤਰਾਂ ਦੀ ਨਜ਼ਰ ਉਸ ਦੀਆਂ ਅੰਦਰਲੀਆਂ ਚੀਜ਼ਾਂ ਤੇ ਪਈ, ਉਸ ਵਿਚ ਇਕ ਛੋਟੀ ਤੇਹੀ ਪਿੱਤਲ ਦੀ ਸੰਦੂਕੜੀ ਸੀ ਜੋ ਬਲਮ-ਦਾਨ ਵਰਗੀ ਸੀ ਤੇ ਉਸ ਵਿਚ ਇਕ ਕਾਗਤਾਂ ਦਾ ਮੁੱਠਾ ਸੀ। ਬਲਭੱਦਰ ਸਿੰਘ ਨੇ ਕਿਹਾਃ-ਪਹਿਲਾਂ ਇਸ ਕਾਗਤ ਦੇ ਮੁੱਠੇ ਨੂੰ ਖੋਹਲੋ, ਤੇਜ ਸਿੰਘ ਨੇ ਉਸੇ ਤਰਾਂ ਕੀਤਾ, ਜਦ ਮੁੱਠਾ ਖੋਹਲਿਆ ਤਾਂ ਮਲੂੰਮ ਹੋਇਆ ਕਿ ਬਹੁਤ ਸਾਰੀਆਂ ਚਿੱਠੀਆਂ ਨੂੰ ਜੋੜ ਕੇ ਜਨਾਨ ਪੱਤਰੀ ਵਾਂਗ ਮੁੱਠਾ ਬਣਾਇਆ ਗਿਆ ਹੈ।

ਤੇਜਃ-(ਮੁੱਠਾ ਖੋਹਲ ਕੇ) ਇਹ ਤਾਂ ਸ਼ੈਤਾਨ ਦੀ ਜਨਾਨ ਪੱਤਰੀ ਮਲੂੰਮ ਹੁੰਦੀ ਹੈ।

ਬਲਭੱਦਰਃ-ਮੈਂ ਇਨਾਂ ਚਿਠੀਆਂ ਨੂੰ ਬੜੀ ਮੇਹਨਤ ਨਾਲ ਕਠੀਆਂ ਕਰਕੇ ਨੰਬਰਵਾਰ ਜੋੜਿਆ ਹੈ ਆਪਿ ਆਦਿ ਤੋਂ ਅੰਤ ਤਕ ਇਕ ਇਕ ਕਰਕੇ ਪੜ੍ਹਦੇ ਜਾਓ।

ਬਹੁਤ ਹਠ ਕਹਿਕੇ ਤੇਜ ਸਿੰਘ ਨੇ ਪਹਿਲੀ ਚਿਠੀ ਪੜ੍ਹੀ ਜਿਸ ਵਿਚ ਲਿਖਿਆ ਸੀਃ-ਸ੍ਰੀਯੁਤ ਰਘੁਬਰ ਸਿੰਘ ਪੋਤਾ ਲਿਖੀ ਹੇਲਾ ਸਿੰਘ ਕੀ ਰਾਮ ਰਾਮ ਆਪਨੂੰ ਪਤਾ ਹੀ ਹੈ ਕਿ

ਰਾਜਾ ਗੋਪਾਲ ਸਿੰਘ ਦਾ ਵਿਆਹ ਬਲਭੱਦ੍ਰ ਸਿੰਘ ਦੀ ਧੀ ਲਛਮੀ ਦੇਵੀ ਨਾਲ ਹੋਣ ਵਾਲਾ ਹੈ, ਪਰ ਮੈਂ ਚਾਹੁੰਦਾ ਹਾਂ ਕਿ ਆਪ ਕ੍ਰਿਪਾ ਕਰਕੇ ਕੋਈ ਅਜੇਹਾ ਜਤਨ ਕਰੋ ਜਿਸ ਨਾਲ ਵਿਆਹ ਰਹਿ ਜਾਵੇ ਅਰ ਉਸ ਦੀ ਥਾਂ ਮੇਰੀ ਧੀ ਸੁੰਦਰ ਦਾ ਵਿਆਹ ਰਾਜਾ ਗੋਪਾਲ ਸਿੰਘ ਨਾਲ ਹੋ ਜਾਵੇ ਜੇ ਅਜੇਹਾ ਹੋਇਆ ਤਾਂ ਮੈਂ ਜਨਮ ਭਰ ਆਪਦਾ ਹਸਾਨ ਵੇਦ ਰਹਾਂਗਾ ਅਰ ਜੋ ਆਪ ਕਹੋਗੇ ਕਰਾਂਗਾ, ਮੈਨੂੰ ਆਪ ਦੀ ਮਿਤ੍ਰਤਾ ਤੇ ਬਹੁਤ ਕੁਛ ਭਰੋਸਾ ਹੈ। ਸ਼ੁਭਮ

ਬਲਭੱਦ੍ਰਃ—ਇਹ ਪਹਿਲੀ ਚਿਠੀ ਹੈ।

ਤਾਰਾ—ਰਘੁਬਰ ਸਿੰਘ ਕੌਣ ਹੈ ?

ਤੇਜਃ—ਏਸੇ ਭੂਤਨਾਥ ਦਾ ਨਾਉਂ ਰਘੁਬਰ ਸਿੰਘ ਹੈ ਤੇ ਨਾਨਕ ਏਸਦਾ ਪੁਤ੍ਰ ਹੈ, (ਬਲਭੱਦ੍ਰ ਸਿੰਘ ਨੂੰ) ਕੀ ਹੋਲਾ ਸਿੰਘ ਮਾਯਾ ਰਾਣੀ ਦੇ ਪਿਓ ਦਾ ਨਾਉਂ ਹੈ ?

ਬਲਭੱਦ੍ਰਃ—ਜੀ ਹਾਂ ਅਰ ਮਾਯਾ ਰਾਣੀ ਦਾ ਅਸਲ ਨਾਉਂ ਸੁੰਦਰ ਹੈ।

ਕਮਲਨੀ—ਹਛਾ ਅਗੇ ਪੜੋ।

ਤੇਜ ਸਿੰਘ ਨੇ ਦੂਸਰੀ ਚਿਠੀ ਖੜ੍ਹੀ ਓਸ ਵਿਚ ਲਿਖਿਆ ਸੀਃ— ਪਯਾਰੇ ਮਿਤ੍ਰ ਹੋਲਾ ਸਿੰਘ ਜੀ !

ਆਪਦਾ ਪੱਤ੍ਰ ਪਹੁੰਚਾ, ਮੈਂ ਇਸ ਕੰਮ ਵਿਚ ਜਤਨ ਕਰ ਸਕਦਾ ਹਾਂ ਪਰ ਇਸ ਕੰਮ ਵਿਚ ਬੜੀ ਮੇਹਨਤ ਕਰਨੀ ਪਵੇਗੀ, ਆਪਦੀ ਧੀਦਾ ਵਿਆਹ ਖੁਲ੍ਹਮ-ਖੁਲ੍ਹਾ ਤਾਂ ਗੋਪਾਲ ਸਿੰਘ ਨਾਲ ਹੋ ਨਹੀਂ ਸਕਦਾ ਕਿਉਂਕਿ ਉਸਦੇ ਵਿਧਵਾ ਹੋਣ ਦਾ ਕਾਸਾ ਗੋਪਾਲ ਸਿੰਘ ਨੂੰ ਪਤਾ ਹੈ, ਹਾਂ ਜੇ ਓਨ੍ਹਾਂ ਦਾ ਦਰੋਗਾ ਸਾਡੇ ਨਾਲ

ਮਿਲ ਜਾਵੇ ਤਾਂ ਕੋਈ ਢੰਗ ਬਣ ਸਕਦਾ ਹੈ ਪਰ ਉਸਦੇ ਵਿਚ ਬੜੀ ਔਖਿਆਈ ਇਹ ਹੈ ਕਿ ਦਰੋਗਾ ਬੜਾ ਲਾਲਚੀ ਹੈ ਤੇ ਆਪ ਰੋਸ ਹੈ। ਰਘੁਬੀਰ ਸਿੰਘ

ਦੇਵੀਃ—ਵਾਹਵਾ ਵਾਹ! ਭੂਤਨਾਥ ਬੜਾ ਸ਼ੈਤਾਨ ਹੈ ਤੇ ਇਹ ਕੰਡੇ ਸਾਰੇ ਉਸਦੇ ਬੀਜੇ ਹੋਏ ਹਨ।

ਕਮਲਨੀ—ਪਰ ਸ਼ੋਕ ਹੈ ਕਿ ਤੁਸੀਂ ਉਸਨੂੰ ਆਪਣਾ ਮਿਤ੍ਰ ਬਣਾਉਣ ਲਈ ਸੌਂਹ ਖਾ ਚੁਕੇ ਹੋ।

ਬਲਕੱਦਃ—ਮੈਂ ਸੱਚ ਕਹਿੰਦਾ ਹਾਂ ਕਿ ਦੇਵੀ ਸਿੰਘ ਜੀ ਨੂੰ ਆਪਣੀ ਇਸ ਸੌਂਹ ਤੇ ਪਛਤਾਉਣਾ ਪਵੇਗਾ।

ਲਾਡਲੀ—ਚਲੋ ਜੋ ਹੋਊਗਾ ਸੋ ਦੇਖਿਆ ਜਾਵੇਗਾ ਤੀਸਰੀ ਚਿਠੀ ਪੜ੍ਹੋ।

ਬਲਬਦਃ—ਪਤਾ ਨਹੀਂ ਜੋ ਭੂਤਨਾਥ ਦੀ ਇਸ ਚਿਠੀ ਦਾ ਉਤੁਰ ਹੋਲਾ ਸਿੰਘ ਨੇ ਕੀ ਦਿਤਾ ਕਿਉਂਕਿ ਓਹ ਚਿਠੀ ਮੇਰੇ ਹਥ ਨਹੀਂ ਆਈ, ਏਹ ਤੀਸਰੀ ਚਿਠੀ ਭੀ ਭੂਤਨਾਥਦੀ ਲਿਖੀ ਹੋਈ ਹੈ।

ਤੇਜਾ ਸਿੰਘ ਨੇ ਤੀਸਰੀ ਚਿਠੀ ਪੜ੍ਹੀ ਉਸਵਿਚ ਲਿਖਿਆ ਸੀਃ—

ਪ੍ਰਿਯਾ ਮਿਤ੍ਰ ਹੋ ਸਿੰਘ!

ਤੁਸਾਂ ਲਿਖਿਆ ਹੈ ਕਿ ਭਾਵੇਂ ਮੁੰਦਰ ਵਿਧਵਾ ਹੈ ਅਤ ਉਸਦੀ ਉਮਰ ਭੀ ਢਲੀ ਹੈ ਪ੍ਰੰਤੂ ਮਧਰੀ ਹੋਣ ਦੇ ਕਾਰਨ ਓਹ ਵਡੀ ਨਹੀਂ ਮਲੂਮ ਹੁੰਦੀ, ਇਹ ਠੀਕ ਹੈ ਪਰ ਬਹੁਤ ਸਾਰੀਆਂ ਗਲਾਂ ਅਜੇਹੀਆਂ ਹਨ ਜੋ ਭਾਵੇਂ ਹੋਰ ਕਿਸੇ ਨੂੰ ਮਲੂਮ ਨ ਹੋਣ ਪਰ ਉਸ ਤੋਂ ਲੁਕ ਨਹੀ ਸਕਦੀਆਂ ਜਿਸ ਨਾਲ ਉਸਦਾ ਵਿਆਹ ਹੋਵੇਗਾ ਅਤ ਏਸੇ ਕਾਲ ਤੋਂ ਗੋਪਾਲ ਸਿੰਘ ਦਾ ਖਤਰਾ ਤਰਦਾ ਹੈ, ਪ੍ਰੰਤੂ ਮੈਂ ਆਰੋ ਲਈ ਉਸਨੂੰ ਅਜੇਹੇ ਸਬਜ਼ ਬਾਗ

ਦਸ ਦਿਤੇ ਹਨ ਕਿ ਜਿਨਾਂ ਦੀ ਸੁਰੰਧਿਤ ਤੇ ਮਦਹੋਸ਼ ਕਰਦੇਣ ਵਾਲੀ ਸੁਗੰਧੀ ਓਹ ਹੁਣ ਤੋਂ ਹੀ ਸੁੰਘਣ ਲਗ ਪਿਆ ਹੈ ਫੇਰ ਭੀ ਮੈਂ ਤੁਹਾਨੂੰ ਨਿਸ਼ਚੇ ਕਰਾਉਂਦਾ ਹਾਂ ਕਿ ਇਹ ਵਿਆਹ ਖੁਲ ਮਖੁਲਾ ਨਹੀਂ ਹੋ ਸਕਦਾ, ਇਸਦੇ ਵਾਸਤੇ ਠੀਕ ਵਿਆਹ ਵਾਲੇ ਦਿਨ ਕੋਈ ਅਨੋਖੀ ਚਾਲ ਚਲਣੀ ਪਵੇਗੀ, ਮੈਂ ਦਰੋਗਾ ਸਾਹਿਬ ਨੇ ਕਿਹਾ ਹੈ ਕਿ ਅਜ ਤੋਂ ਅਠਵੇਂ ਦਿਨ ਬੁਧਵਾਰ ਤੁਸੀਂ ਦਰੋਗਾ ਸਾਹਿਬ ਦੇ ਹਵਾਲੇ ਮਿਲੋ ਮੈਂ ਭੀ ਓਥੇ ਹੀ ਹੋਵਾਂਗਾ। ਓਹੋ ਰਘੁਬਰ

ਕਮਲਨੀ—ਮੈਨੂੰ ਇਹ ਪਤਾ ਨਹੀਂ ਸੀ ਕਿ ਭੂਤਨਾਥ ਦੇ ਹਥੋਂ ਅਜੇਹੇ ਅਨੁਚਿਤ ਕੰਮ ਹੋਏ ਨ ਹਨ, ਮੈਨੂੰ ਓਸਨੇ ਏਹੋ ਕਿਹਾ ਸੀ ਕਿ ਮੈਂ ਰਾਜਾ ਬੀਰੇਂਦ੍ਰਸਿੰਘ ਦਾ ਅਪਰਾਧੀ ਹਾਂ ਅਤ ਇਸ ਛੋਲ ਦਾ ਪ੍ਰਮਾਣ ਮਾਹਾਰਾਣੀ ਤੇ ਓਸਦੀ ਸਹੇਲੀ ਮਨੋਰਮਾ ਦੇ ਪਾਸ ਹੈ, ਜਿਥੋਂ ਤਕ ਮੈਤੋਂ ਹੋ ਸਕਿਆ ਮੈਂ ਹਿੰਮਤ ਕਰਕੇ ਉਨਾਂ ਸਭਨਾਂ ਨੂੰ ਮੁਕਾ ਦਿਤਾ, ਪਰ ਮੈਂ ਹੈਰਾਨ ਹਾਂ ਕਿ ਭੂਤਨਾਥ ਨੂੰ ਏਤਨਾ ਕਰਾਉਣ ਧਮਕਾਉਣ ਯਾ ਆਪਣੇ ਵੱਸ ਰੱਖਣ ਦੇ ਏਤਨੇ ਪ੍ਰਮਾਣ ਮਾਹਾਰਾਣੀ ਨੇ ਕਿੰਓਂ ਕਨੇ ਕਰ ਛਡੇ ਹਨ ਅਤ ਓਸਨੂੰ ਭੂਤਨਾਥ ਦੀ ਏਤਨੀ ਪਰਵਾਹ ਕਿੰਓ ਹੈ! ਪਰ ਅੱਜ ਇਸ ਗੱਲ ਦਾ ਅਸਲ ਭੇਤ ਖੁਲ ਗਿਆ ਹੁਣ ਪਤਾ ਲਗਾ ਕਿ ਆ ਕਿ ਲਛਮੀ ਦੇਵੀ ਤੇ ਗੋਪਾਲ ਸਿੰਘ ਨਾਲ ਧੋਖਾ ਕਰਨ ਵਿਚ ਭੂਤਨਾਥ ਭੀ ਸਾਥੀ ਸੀ। ਇਸ ਨਾਲ ਦਾ ਡਰ ਠਿਰੇ ਭੂਤ ਨਾਥ ਤੇ ਦਰੋਗੇ ਨੂੰ ਹੀ ਨਹੀਂ ਸੀ ਸਗੋਂ ਮਾਹਾਰਾਣੀ ਨੂੰ ਭੀ ਸੀ ਅਤ ਓਹ ਆਪਣੇ ਆਪ ਨੂੰ ਭੂਤਨਾਥ ਤੇ ਦਰੋਗੇ ਦੇ ਵਸ ਵਿਚ ਸਮਝਦੀ ਸੀ, ਰਾਜਾ ਗੋਪਾਲ ਸਿੰਘ ਨੂੰ ਕੈਦ ਕਰਨ ਦੇ ਪਿਛੋਂ

ਇਹ ਤਰ ਹੋਰ ਭੀ ਵਧ ਗਿਆ ਹੋਵੇਗਾ ਓਸ ਵੇਲੇ ਭੂਤ ਨਾਥ ਨੂੰ ਅਧੀਨ ਕਰਨ ਲਈ ਮਾਯਾਰਾਣੀ ਨੇ ਇਹ ਕੰਮ ਕੀਤਾ ਹੋਵੇਗਾ ਅਰਥਾਤ ਭੂਤਨਾਥ ਨੂੰ ਰਾਜਾ ਬੀਰੋਂ ਦੇ ਸਿੰਘ ਦਾ ਅਪਰਾਧੀ ਸਿੱਧ ਕਰਨ ਲਈ ਇਹ ਪ੍ਰਮਾਨ ਕਠੇ ਕੀਤੇ ਗਏ ਹੋਣਗੇ।

ਬੀਰੋਂ—ਮੈਂ ਭੀ ਏਹੋ ਸਮਝਦਾ ਹਾਂ।

ਤੇਜਃ—ਹੈਭੀ ਏਹੋ ਹੀ ਗੱਲ।

ਕਮਲਨੀ—ਜੇ ਮੈਨੂੰ ਪਹਿਲਾਂ ਪਤਾ ਹੁੰਦਾ ਤਾਂ ਮੈਂ ਭੂਤ ਨਾਥ ਦਾ ਏਤਨਾ ਪੱਖ ਨ ਕਰਦੀ ਤੇ ਨ ਆਪਣਾ ਸਾਥੀ ਬਨਾਉਂਦੀ।

ਦੇਵੀਃ—ਪਰ ਹੁਣ ਤਾਂ ਓਸਨੇ ਤੁਹਾਡੇ ਕੰਮਾਂ ਵਿਚ ਬੜੀ ਸਹਾਇਤਾ ਕੀਤੀ ਹੈ ਇਸ ਲਈ ਕੁਛ ਲਿਹਾਜ ਕਰਨਾ ਹੀ ਪਵੇਗਾ।

ਕਮਲਨੀ—ਨਹੀਂ ਨਹੀਂ ਮੈਂ ਉਸਦਾ ਅਪਰਾਧ ਖਿਮਾ ਨਹੀਂ ਕਰ ਸਕਦੀ ਭਾਵੇਂ ਕੁਛ ਹੋਵੇ।

ਦੇਵੀ—ਫੇਰ ਓਹ ਤੁਹਾਡਾ ਵੈਰੀ ਭੀ ਹੋ ਜਾਵੇਗਾ। ਜਿਥੋਂ ਤਕ ਮੈਂ ਸਮਝਦਾ ਹਾਂ ਹੁਣ ਓਹ ਆਪਣੇ ਕੀਤੇ ਤੇ ਪਛਤਾ ਰਿਹਾ ਹੈ।

ਕਮਲਨੀ—ਭਾਵੇਂ ਕੁਛ ਹੋਵੇ, ਇਹ ਅਪਰਾਧ ਅਜੇਹਾ ਨਹੀਂ ਕਿ ਮੈਂ ਖਿਮਾ ਕਰਦੇਵਾਂ! ਉਹ ਕ੍ਰੋਧ ਨਾਲ ਮੇਰਾ ਸ਼ਰੀਰ ਭੁਜ ਰਿਹਾ ਹੈ।

ਤੇਜਃ—ਬੇਸ਼ਕ ਓਸਨੇ ਬੜਾ ਭਾਰਾ ਅਪਰਾਧ ਕੀਤਾ ਹੈ।

ਬਲਭੱਦਰਃ—ਹੁਣੇ ਕੀ! ਅਜੇ ਤਾਂ ਤੁਸਾਂ ਦੇਖਿਆ ਹੀ ਕੁਛ ਨਹੀਂ, ਓਸਨੇ ਜੋ ਕੁਛ ਕੀਤਾ ਹੈ ਓਸਦਾ ਹਜਾਰਵਾਂ ਹਿੱਸਾ ਭੀ

ਤੁਹਾਨੂੰ ਮਲੂੰਮ ਨਹੀਂ ਹੋਇਆ, ਜਰਾ ਅਗਲੀਆਂ ਚਿਠੀਆਂ ਤਾਂ ਪੜ੍ਹੋ। ਇਸਦੇ ਪਿਛੋਂ ਜਦ ਪਿੱਤਲ ਵਾਲੀ ਸੰਦੂਕੜੀ ਖੁਲੇਗੀ ਤੇਰ ਦੇਵੀ ਸਿੰਘ ਜੀ ਨੂੰ ਪੁਛਾਂਗੇ ਕਿ ਦਸੋ ਜੀ ਹੁਣ ਭੂਤਨਾਥ ਨਾਲ ਕੀ ਵਰਤਾਉ ਕਰਨਾ ਚਾਹੀਦਾ ਹੈ।

ਇਸਵੇਲੇ ਵਿਚਾਰੀ ਤਾਰਾ (ਜਿਸਨੂੰ ਹੁਣ ਅਸੀਂ ਲਛਮੀ ਦੇਵੀ ਲਿਖਿਆ ਕਰਾਂਗੇ) ਚੁਪ ਚਾਪ ਬੈਠੀ ਹਾਉਕੇ ਭਰ ਰਹੀ ਸੀ, ਪਿਓ ਦੇ ਸਾਹਮਣੇ ਸ਼ਰਮ ਕਰਕੇ ਕੁਛ ਬੋਲ ਨਹੀਂ ਸਕਦੀ ਸੀ ਪ੍ਰੰਤੂ ਭੂਤ ਨਾਥ ਤੋਂ ਬਦਲਾ ਲੈਣ ਦੀ ਪੱਕੀ ਧੁਨ ਉਸਦੇ ਮਨ ਵਿਚ ਬਝਦੀ ਜਾਂਦੀ ਸੀ ਅਰ ਕ੍ਰੋਧ ਦੀ ਅੱਗ ਉਸਦੇ ਅੰਦਰ ਏਤਨੀ ਭੜਕ ਉਠੀ ਸੀ ਕਿ ਉਸਦਾ ਸਾਰਾ ਸ਼ਰੀਰ ਤਪ ਰਿਹਾ ਸੀ ਅਜ ਤੋਂ ਪਹਿਲਾਂ ਓਹ ਭੂਤ ਨਾਥ ਨੂੰ ਬੜਾ ਨੇਕ ਤੇ ਅਕਲ-ਮੰਦ ਸਮਝਦੀ ਸੀ, ਪਰ ਹੁਣ ਜੋ ਕਾਲੀਆਂ ਅਚਾਣਕ ਮਲੂੰਮ ਹੋਈਆਂ ਉਨਾਂ ਨੇ ਇਸਨੂੰ ਆਪਣੇ ਆਪ ਤੋਂ ਬਾਹਰ ਕਰ ਦਿਤਾ ਸੀ।

ਤੇਜਸਿੰਘ ਨੇ ਦੋਵੇਂ ਚਿਠੀ ਪੜ੍ਹੀ ਉਸ ਵਿਚ ਲਿਖਿਆ ਸੀ ਕਿ:—

ਪ੍ਰਿਅ ਬੰਧੂ ਹੇਲਾ ਸਿੰਘ ਜੀ!

ਬਹੁਤ ਚਿਰ ਤਕ ਚਿਠੀ ਨ ਪਹੁੰਚਣ ਦੇ ਕਾਰਨ ਉਦਾਸ ਨ ਹੋ ਜਾਣਾਂ, ਮੈਂ ਇਸ ਚਿੰਤਾ ਵਿਚ ਲਗਾ ਹੋਇਆ ਹਾਂ ਕਿ ਜਿਸ ਤਰਾਂ ਹੋਸਕੇ ਬਲਭੱਦ੍ਰ ਸਿੰਘ ਤੇ ਲਛਮੀ ਦੇਵੀ ਨੂੰ ਮਾਰਦੇਵਾਂ ਪਰ ਅਜੇ ਤਕ ਮੈਂ ਕੁਛ ਨਹੀਂ ਕਰ ਸਕਿਆ ਕਿਉਂਕਿ ਇਕ ਤਾਂ ਬਲਭੱਦ੍ਰ ਸਿੰਘ ਅਜ ਏਯਾਰ ਹੈ ਦੂਸਰੇ ਰਾਜਾ ਗੋਪਾਲਸਿੰਘ ਦੀ ਆਗਿਆ ਅਨੁਸਾਰ ਬਿਹਾਰੀ ਸਿੰਘ ਤੇ ਹਰਨਾਮ ਸਿੰਘ ਓਸਦੇ

ਘਰ ਦੀ ਰਾਖੀ ਕਰਦੇ ਹਨ, ਸੁਖ ਕੋਈ ਚਿੰਤਾ ਨਹੀਂ ਦੇਖੋ ਤਾਂ ਸਹੀ ਕੀ ਹੁੰਦਾ ਹੈ। ਮੈਂ ਬਲਵੱਦਰ ਸਿੰਘ ਦੇ ਗਵਾਂਢ ਹੀ ਕਲ-ਵਾਲੀ ਹਵੇਲੀ ਪੋਚਲੀ ਹੈ ਬੜੇ ੨ ਕਾਰੀਗਰ ਨੌਕਰ ਰਖੇ ਹਨ, ਚਾਰੂਮਾਰਚੀਆਂ ਮਿਠਿਆਈਆਂ ਮੈਂ ਅਜੇਹੀਆਂ ਬਨਾਈਆਂ ਹਨ ਜਿਨਾਂ ਵਿਚ ਦਰੋਗਾ ਸਾਹਿਬ ਦਾ ਦਿਤਾ ਹੋਯਾ ਜ਼ਹਿਰ ਚੰਗੀ ਤਰਾਂ ਮਿਲਾਇਆ ਗਿਆ ਹੈ ਓਹ ਜ਼ਹਿਰ ਅਜੇਹਾ ਹੈ ਕਿ ਉਸਨੂੰ ਖਾਂਦਿਆਂ ਹੀ ਆਦਮੀ ਨਹੀਂ ਮਰਜਾਂਦਾ ਸਗੋਂ ਕਈ ਮਹੀਨੇ ਬੀਮਾਰ ਰਹਿਕੇ ਮਰਦਾ ਹੈ, ਜ਼ਹਿਰ ਖਾਣ ਵਾਲੇ ਦਾ ਸਰੀਰ ਫੁਟ ਜਾਂਦਾ ਹੈ ਤੇ ਦੇਖਣਵਾਲਾ ਏਹੋ ਸਮਝਦਾ ਹੈ ਕਿ ਕਾਦਰਤੰਗ ਦੇ ਰੋਗ ਨਾਲ ਮੋਯਾ ਹੈ। ਜ਼ਹਰ ਦਾ ਕਿਸੇ ਨੂੰ ਸੰਦੇਹ ਭੀ ਨਹੀਂ ਹੁੰਦਾ। ਮੈਂ ਉਸ ਘਰ ਦੇ ਦਾਸ ਦਾਸੀਆਂ ਨਾਲ ਪਰੇਮ ਪਾ ਲਿਆਹੈ ਭਾਵੇਂ ਓਹ ਲੋਕ ਕੋਹੇ ਹੀ ਚਲਾਕ ਕਿਉਂ ਨਾ ਹੋਣ ਇਕ ਨ ਇਕ ਦਿਨ ਮੇਰੀ ਜ਼ਹਿਰ ਵਾਲੀ ਮਿਠਿਆਈ ਬਲਵੱਦਰ ਸਿੰਘ ਦੇ ਮੰਝੇ ਹੇਠ ਉਤਰ ਹੀ ਜਾਵੇਗੀ। ਤੁਹਾਡੀ ਧੀ ਬੜੀ ਹੀ ਸਿਆਣੀ ਹੈ ਓਹ ਸੁਜਾਨ ਦੇ ਘਰ ਉਸਦੀ ਭਤੀਜੀ ਬਣਕੇ ਰਹਿੰਦੀ ਹੈ। ਗੋਪਾਲ ਸਿੰਘ ਦਾ ਬੁਢਾ ਪਿਉ ਬੜਾ ਹੀ ਸ਼ੈਤਾਨ ਹੈ ਦਰੋਗਾ ਸਾਹਿਬ ਉਸਨੂੰ ਭੀ ਵਿਕਾਣੇ ਲਾਉਣ ਦੇ ਫਿਕਰ ਵਿਚ ਹਨ ਘਬਰਾਓ ਨਾ, ਕੰਮ ਜ਼ਰੂਰ ਬਣ ਜਾਵੇਗਾ ਅਜ ਤੋਂ ਮੈਂ ਆਪਣਾ ਨਾਉਂ ਵਟਾਉਂਦਾ ਹਾਂ ਅਗੇ ਨੂੰ ਮੈਨੂੰ ਭੂਤ ਨਾਥ ਆਖਿਆ ਜਾਣਾ॥

ਓਹੋ ਭੂਤ ਨਾਥ

ਇਸ ਚਿੰਠੀ ਨੇ ਸਭਨਾਂ ਦੇ ਉਤੇ ਬੜਾ ਹੀ ਭਯਾਨਕ ਅਸਰ ਕੀਤਾ ਏਥੋਂ ਤਕ ਕਿ ਦੇਵੀ ਸਿੰਘ ਦੀਆਂ ਭੀ ਅਖਾਂ ਕ੍ਰੋਧ ਨਾਲ ਲਾਲ ਹੋ ਗਈਆਂ ਤੇ ਸਰੀਰ ਕੰਬਣ ਲਗ ਪਿਆ।

ਤੇਜ:—ਬੇਈਮਾਨ ਦੁਸ਼ਟ ! ਏਤਨੀ ਬਦਮਾਸ਼ੀ !

ਭੈਰੋਂ—ਏਸ ਬੇਈਮਾਨੀ ਦਾ ਕੋਈ ਟਿਕਾਣਾ ਹੈ !

ਲਾਡਲੀ—ਇਸ ਵੇਲੇ ਮੇਰਾ ਕਲੇਜਾ ਫੁੱਕਿਆ ਜਾ ਰਿਹਾ ਹੈ ਜੇ ਬੂਤਨਾਥ ਏਥੇ ਸਾਹਮਣੇ ਹੁੰਦਾ ਤਾਂ ਹੁਣੇ ਮੈਂ ਇਸਨੂੰ ਮਾਰਕੇ ਕਲੇਜਾ ਠੰਡਾ ਕਰਦੀ। ਹੇ ਪਰਮਾਤਮਾ ਅਜੇਹੇ ੨ ਪਾਪੀਆਂ ...

ਕਮਲਨੀ—ਜੇ ਏਸ ਦੁਸ਼ਟ ਨੂੰ ਕੀਤਿਆਂ ਤੋਂ ਪਛਤਾਵਾ ਜਾਵੇ ਤਾਂ ਭੀ ਇਸਦੇ ਕੁਕਰਮਾਂ ਦਾ ਬਦਲਾ ਨਹੀਂ ਲਹਿੰਦਾ।

ਬਲਭੱਦਰ—ਠੀਕ ਹੈ, ਮੈਂ ਭੀ ਇਸਨੂੰ ਜਾਨੋਂ ਨਹੀਂ ਮਾਰਾਂਗਾ, ਓਹ ਕੰਮ ਕਰਾਂਗਾ ਜਿਸ ਨਾਲ ਮੇਰੇ ਕਲੇਜੇ ਦੀ ਅੱਗ ਠੰਢੀ ਹੋਵੇ।

ਦੇਵੀ—ਸਾਡੇ ਨਾਲ ਮਿਲਕੇ ਬੂਤਨਾਥ ਨੇ ਜੋ ਜੋ ਕੰਮ ਕੀਤੇ ਹਨ ਉਨਾਂ ਤੋਂ ਮਲੂਮ ਹੁੰਦਾ ਸੀ ਕਿ ਇਹ ਸਾਡਾ ਬੜਾ ਹਿਤੂ ਹੈ ਅਰ ਉਸਤੇ ਅਸੀਂ ਪਰਮੰਨ ਸਾਂ ਤੇ.....

ਬਲਭੱਦਰ—ਨਹੀਂ ਨਹੀਂ, ਓਹ ਅਜੇਹੇ ਕਾਲੇ ਨਾਗ ਦਾ ਬੱਚਾ ਹੈ ਜਿਸਦੇ ਡੰਗਣੇ ਮੰਤ੍ਰ ਹੀ ਨਹੀਂ, ਉਸਦਾ ਕੁਛ ਪਤਾ ਨਹੀਂ, ਓਹ ਕੁਛ ਦਿਨ ਤੁਹਾਡੇ ਪਾਸ ਰਹਿਕੇ ਆਧੀਨ ਕਰਕੇ ਜਰੂਰ ਮਾਯਾ ਰਾਣੀ ਨਾਲ ਮਿਲ ਜਾਂਦਾ ਅਰ ਇਹ ਕੰਮ ਓਹ ਚਰੋਕਣਾ ਕਰ ਚੁਕਦਾ ਪਰ ਜਦ ਤੋਂ ਉਸਨੇ ਮੇਰੀ ਸੂਰਤ ਦੇਖ ਲਈ ਹੈ ਅਰ ਉਸਨੂੰ ਨਿਸਚਾ ਹੋਗਿਆ ਹੈ ਕਿ ਮੈਂ ਮੋਯਾ ਨਹੀਂ ਤਦ ਤੋਂ ਉਸਦੀ ਬੁਧ ਟਿਕਾਣੇ ਨਹੀਂ ਰਹੀ ਓਹ ਘਬਰਾ ਗਿਆ ਹੈ ਅਰ ਆਪਣੇ ਬਚਾਉਦਾ ਢੰਗ ਸੋਚਦਾ ਹੈ, (ਤੇਜ ਸਿੰਘ ਨੂੰ) ਹਛਾ ਅਗੇ ਪੜੋ।

ਤੇਜ ਸਿੰਘ ਨੇ ਅਗਲੀ ਚਿੱਠੀ ਪੜ੍ਹੀ "ਉਸ ਵਿਚ

ਲਿਖਿਆ ਸੀ ਕਿ:-

ਮੇਰੇ ਲੰਗੋਟੀਏ ਯਾਰ ਹੋਲ ਸਿੰਘ ! ਮਲੂਮ ਹੁੰਦਾ ਹੈ ਕਿ ਤੇਰੀ ਕਿਸਮਤ ਤੇਜ਼ ਹੈ ਰਾਜਾ ਗੋਪਾਲ ਸਿੰਘ ਦਾ ਬੁਢਾ ਪਿਉ ਬੜਾ ਹੀ ਚਲਾਕ ਸੀ ਓਹ ਸਦਾ ਆਪਣੇ ਹੀ ਮਨ ਦੀ ਕਰਦਾ ਸੀ ਜੇ ਓਹ ਜੀਉਂਦਾ ਰਹਿੰਦਾ ਤਾਂ ਲਛਮੀ ਦੇਵੀ ਦਾ ਵਿਆਹ ਜਰੂਰ ਹੋ ਜਾਂਦਾ ਕਿਉਂਕਿ ਓਹ ਬਲਭੱਦ੍ਰ ਸਿੰਘ ਦੀ ਬੜੀ ਇੱਜ਼ਤ ਕਰਦਾ ਸੀ, ਅਜ ਮੈਂ ਤੁਹਾਨੂੰ ਵਧਾਈ ਦੇਂਦਾ ਹਾਂ ਕਿ ਮੇਰੀ ਤੇ ਦਰੋਗੇ ਦੀ ਮੇਹਨਤ ਟਿਕਾਣੇ ਲਗੀ ਅਤ ਓਹ ਇਸ ਸੰਸਾਰ ਤੋਂ ਵਿਦਾ ਹੋਇਆ ਇਹ ਭੀ ਇਕ ਭਾਰਾ ਕੰਡਾ ਨਿਕਲ ਗਿਆ ਹੁਣ ਵਰਹਾ ਭਰ ਵਿਆਹ ਲੁਕਵਿਆ ਏਤਨੇ ਚਿਰ ਵਿਚ ਅਸੀਂ ਬਹੁਤ ਕੁਛ ਕਰ ਲਵਾਂਗੇ। ਓਹੋ ਭੂਤ

ਚਿੱਠੀ ਪੂਰੀ ਕਰਦਿਆਂ ਹੀ ਤੇਜ ਸਿੰਘ ਦੇ ਹੰਝੂ ਕਿਰਨ ਲਗ ਪਏ ਤੇ ਬੋਲਿਆ ਹਾਇ ! ਇਹ ਕਿਸੇ ਨੂੰ ਪਤਾ ਹੀ ਨਹੀਂ ਲਗਾ ਕਿ ਰਾਜਾ ਗੋਪਾਲ ਸਿੰਘ ਦਾ ਪਿਉ ਇਨ੍ਹਾਂ ਬੇਈਮਾਨਾਂ ਦਾ ਸ਼ਿਕਾਰ ਹੋਇਆ ਹੈ ਵਿਚਾਰਾ ਬੜਾ ਹੀ ਨੇਕ ਤੇ ਗਲ ਦਾ ਪੂਰਾ ਸੀ।

ਹੁਣ ਤਕ ਤਾਂ ਤਾਰਾ ਬੜੀ ਧੀਰਜ ਨਾਲ ਰੋਕੀ ਬੈਠੀ ਸੀ ਪਰ ਹੁਣ ਨ ਰਹਿ ਸਕੀ ਵਿਚਾਰੀ ਨੂੰ ਅੱਖਾਂ ਪੁੰਝਣੀਆਂ ਹੀ ਪਈਆਂ। ਕਿਸ਼ੋਰੀ, ਕਾਮਨੀ ਤੇ ਲਾਡਲੀ ਕਮਲਨੀ ਤੇ ਏਜਾਰਾਂ ਦਾ ਮਨ ਭੀ ਭਰ ਆਇਆ ਤੇ ਭੂਤਨਾਥ ਦੀ ਸੂਰਤ ਤੇ ਘਿਣਾ ਹੋ ਆਈ। ਤੇਜ ਸਿੰਘ ਨੇ ਮੁੱਠਾ ਹਥੋਂ ਰੱਖ ਦਿੱਤਾ ਤੇ ਮਨ ਹੋਰ ਪਾਸੇ ਲਾਉਣ ਲਈ ਹਰਿਆਵਲ ਭਰੇ ਪਹਾੜਾਂ ਵਲ ਦੇਖਿਆ ਥੋੜੇ ਚਿਰ ਪਿਛੋਂ ਫੇਰ ਅਗਲੀ ਚਿੱਠੀ ਪੜ੍ਹੀ ਜਿਸ ਵਿਚ ਇਹ

ਲਿਖਿਆ ਸੀ:-

ਮੇਰੇ ਭਾਗਵਾਨ ਮਿਤਰ ਹੇਲਾ ਸਿੰਘ ਜੀ !

ਵਧਾਈ ਹੋਵੇ, ਅਜ ਸਾਡੀ ਜ਼ਹਿਰੀਲੀ ਮਿਠਆਈ ਬਲਭੱਦ੍ਰ ਸਿੰਘ ਦੇ ਘਰ ਜਾ ਪਹੁੰਚੀ ਹੈ ਇਸਦਾ ਜੋ ਕੁਛ ਫਲ ਹੋਵੇਗਾ ਫੇਰ ਲਿਖਾਂਗਾ, ਹੈਂ ਤੂੰ ਭਾਗਾਂਵਾਲਾ। ਓਹੋ ਭੂਤ

ਕਮਲਨੀ—ਹਾਇ ਨੀਚਾ ਤੇਰਾ ਸੱਤਨਾਸ ਹੋਵੇ।

ਲਾਡਲੀ—ਅਜੇਹਾ ਦੁਸ਼ਟ ਤੇ ਵੈਰ ਸਾਡੇ ਹੀ ਪਾਸ ਰਹੇ।

ਤਾਰਾ—(ਤੇਜ ਸਿੰਘ ਨੂੰ) ਮੇਰਾ ਜੀ ਡੁੱਬਦਾ ਜਾਂਦਾ ਹੈ ਕ੍ਰਿਪਾ ਕਰਕੇ ਅਗਲੀ ਚਿੱਠੀ ਛੇਤੀ ਪੜ੍ਹੋ ਤਾਕਿ ਮਲੂੰਮ ਹੋ ਜਾਵੇ ਜੋ ਵਿਸਵਾਸਘਾਤੀ ਦੀ ਮਿਠਾਈ ਦਾ ਕੀ ਸਿੱਟਾ ਨਿਕਲਿਆ।

ਤੇਜ ਸਿੰਘ ਨੇ ਅਗਲੀ ਚਿੱਠੀ ਪੜ੍ਹੀ:-

ਪਿਆਰੇ ਮਿਤ੍ਰ ਹੇਲਾ ਸਿੰਘ ਜੀ !

ਖੁਸ਼ੀ ਹੋਵੇ, ਕਿ ਮੇਰੀ ਮਿਠਾਈ ਨੇ ਲੱਛਮੀ ਦੇਵੀ ਦੀ ਮਾਂ ਤੇ ਉਸਦੇ ਛੋਟੇ ਭਰਾ ਤੇ ਦੋ ਦਾਸੀਆਂ ਦੀ ਸਹਾਈ ਕਰ ਦਿੱਤੀ ਹੈ, ਬਲਭੱਦ੍ਰ ਸਿੰਘ ਤੇ ਉਸ ਦੀਆਂ ਤਿੰਨਾਂ ਧੀਆਂ ਨੇ ਮਿਠਾਈ ਨਹੀਂ ਖਾਧੀ ਇਸ ਲਈ ਬਚ ਗਏ ਹਨ, ਹਛਾ ਜਾਂਦੇ ਕਿਵੇ ਹਨ ਫੇਰ ਸਹੀ। ਓਹੋ ਭੂਤ

ਇਸ ਚਿੱਠੀ ਨੇ ਤਾਂ ਅੱਗ ਲਾ ਦਿੱਤੀ ਸਭ ਰੋਣ ਲਗੇ ਇਹ ਤਿੰਨੇ ਭੈਣਾਂ ਤਾਂ ਉੱਚੀ ੨ ਵਿਲਕਣ ਲਗ ਪਈਆਂ।

ਲਛਮੀ ਦੇਵੀ ਨੇ ਕਿਹਾ ਹਾਇ ਓਹ ਸਮਾਂ ਹੁਣ ਮੇਰੀਆਂ ਅਖਾਂ ਅਗੇ ਆ ਰਿਹਾ ਹੈ, ਸਾਡਾ ਘਰ ਵੈਦਾਂ ਨਾਲ ਭਰਿਆ ਹੋਯਾ ਸੀ ਤੇ ਮੇਰੀ ਮਾਂ ਮੇਰੇ ਮੁਰਦੇ ਭਰਾ ਦੇ ਉਪਰ ਡਿਗੀ ਪਈ ਸੀ ਤੇ ਅੰਤ ਨੂੰ ਵਿਲਕਦੀ ੨ ਹੀ ਮਰ ਗਈ ਹਾਇ ! ਸੰਸਾਰ

ਵਿਚ ਕੋਈ ਅਜੇਹਾ ਦੰਡ ਹੈ ਜੋ ਇਸ ਦਾ ਪੂਰਾ ਬਦਲਾ ਕਹਾ ਸਕੇ।

ਕਿਸ਼ੋਰੀ-(ਰੋਕੇ) ਕੋਈ ਨਹੀਂ! ਕੋਈ ਨਹੀਂ!!

ਕਮਲਨੀ-ਹਾਇ ਮੇਰੇ ਕਲੇਜੇ ਵਿਚ ਪੀੜ ਹੋ ਰਹੀ ਹੈ, ਹੁਣ ਮੈਂ ਹੋਰ ਨਹੀਂ ਸੁਣ ਸਕਦੀ ਹਾਇ! ਏਤਨਾ ਜ਼ੁਲਮ!! ਹਨੇਰ!!!

ਭੈਰੋਂ:-ਬਸ ਹੁਣ ਰਹਿਣ ਦੇਵੋ ਹੋਰ ਛੇਤ ਪੜ ਲੈਣੀਆਂ।

ਤੇਜ:-ਮੈਥੋਂ ਅਗੇ ਪੜਿਆ ਹੀ ਨਹੀਂ ਜਾਂਦਾ ਇਹ ਕਹਿਕੇ ਤੇਜ ਸਿੰਘ ਨੇ ਮੁਠਾ ਲਪੇਟ ਕੇ ਰਖ ਦਿਤਾ ਤੇ ਸਭਨਾਂ ਨੂੰ ਧੀਰਜ ਦੇਣ ਲਗੇ। ਭੈਰੋਂ ਸਿੰਘ ਕੁਛ ਸ਼ਿਕਾਰ ਲਿਆਉਣ ਚਲਾ ਗਿਆ। ਭਾਵੇਂ ਕਿਸੇ ਦਾ ਮਨ ਖਾਣੇ ਤਕ ਪੀਣ ਨੂੰ ਨਹੀਂ ਕਰਦਾ ਸੀ ਪਰ ਤੇਜ ਸਿੰਘ ਦੇ ਕਹਿਣ ਨਾਲ ਸਭਨਾਂ ਨੇ ਥੋੜਾ ੨ ਖਾਧਾ ਪੀਤਾ ਫੇਰ ਤੇਜ ਸਿੰਘ ਨੇ ਕਿਹਾ ਹੁਣ ਤਲਿਸਮੀ ਤਲਾ ਵਾਲੇ ਮਕਾਨ ਵਿਚ ਚਲਣਾ ਚਾਹੀਏ।

ਬਲਭੱਦਰ:-ਹਾਂ ਹੁਣ ਏਥੇ ਰਹਿਣਾ ਠੀਕ ਨਹੀਂ ਓਥੇ ਚਲਕੇ ਜੋ ਕੁਛ ਹੋਵੇਗਾ ਕੀਤਾ ਜਾਵੇਗਾ। ਓਥੇ ਹੀ ਬਾਕੀ ਚਿਠੀਆਂ ਪੜ੍ਹ ਲੈਣੀਆਂ।

ਕਮਲਨੀ-ਮੇਰੀ ਭੀ ਏਹੋ ਮਰਜ਼ੀ ਹੈ, ਮੈਂ ਦੇਵੀ ਸਿੰਘ ਨੂੰ ਕਹਿ ਚੁਕੀ ਹਾਂ ਕਿ ਜੇ ਮੈਂ ਉਸ ਮਕਾਨ ਵਿਚ ਹੁੰਦੀ ਤਾਂ ਵੈਰੀ ਮੇਰਾ ਕੁਛ ਭੀ ਨ ਵਿਗਾੜ ਸਕਦੇ ਤੇ ਨ ਤਲਾਓ ਹੀ ਹੀ ਪੂਰਿਆ ਜਾਂਦਾ ਹਛਾ ਹੁਣ ਭੀ ਮੈਂ ਬਿਨਾਂ ਯਤਨ ਤੋਂ ਉਸਦੀ ਸਫਾਈ ਕਰ ਦੇਵਾਂਗੀ। ਇਹ ਕਹਿਕੇ ਕਮਲਨੀ ਨੇ ਤੇਜ ਸਿੰਘ ਨੂੰ ਉਸ ਮਕਾਨ ਦਾ ਬਹੁਤ ਸਾਰਾ ਭੇਤ ਸਮਝਾਇਆ, ਅਰ ਜਿਸ

ਤਰਾਂ ਤਲਾ ਦੀ ਸਫਾਈ ਹੋ ਸਕਦੀ ਹੈ ਓਹ ਭੀ ਢੰਗ ਦਸਿਆ ਜੋ ਅਸੀ ਪਿਛੇ ਦਸ ਆਏ ਹਾਂ।

ਦੂਸਰਾ ਕਾਂਡ

ਸਵੇਰ ਦਾ ਵੇਲਾ ਹੈ ਸੂਰਜ ਨੇ ਨਿਕਲਕੇ ਪਹਾੜਾਂ ਦੀਆਂ ਚੋਟੀਆਂ ਨੂੰ ਸੁਨੈਹਰੀ ਰੰਗ ਦਿਤਾ ਹੈ, ਤਾਰਾ ਸਿੰਘ ਤੇ ਸ਼ਾਮ ਸੁੰਦਰ ਸਿੰਘ ਆਪਣੇ ਨਾਲ ਭੂਤਨਾਥ ਤੇ ਭਗਵਾਨੀ ਨੂੰ ਲਈ ਤਲਾਵਾਲੇ ਤਲਿਸਮੀ ਮਕਾਨ ਵਲ ਜਾ ਰਹੇ ਹਨ, ਭੂਤਨਾਥ ਤੇ ਭਗਵਾਨੀ ਸਿਰ ਨੀਵਾਂ ਪਾਈ ਕੁਛ ਸੋਚਦੇ ਤੁਰੇ ਜਾ ਰਹੇ ਹਨ, ਭੂਤ ਨਾਥ ਦੇ ਚੇਹਰੇ ਤੇ ਉਦਾਸੀ ਤੇ ਭਗਵਾਨੀ ਦੇ ਮੂੰਹ ਤੇ ਮੁਰਝਾਣੀ ਵਰਤੀ ਹੋਈ ਹੈ, ਜੇ ਭੂਤਨਾਥ ਨੂੰ ਇਸ ਗਲ ਦਾ ਪਤਾ ਲਗ ਜਾਂਦਾ ਕਿ ਤਾਰਾ ਦੇ ਭਾਗਾਂ ਦੀ ਗੰਢ ਤੇਜ ਸਿੰਘ ਦੇ ਹਥ ਆਗਈ ਹੈ ਜਾਂ ਤਾਰਾ ਤੇ ਬਲਭੱਦ੍ਰ ਸਿੰਘ ਦਾ ਹਾਲ ਮਲੂਮ ਹੋਗਿਆ ਹੈ ਤਾਂ ਉਸਦੇ ਮੂੰਹ ਤੇ ਭੀ ਮੁਰਦੇ,ਹਾਣੀ ਵਰਤੀ ਹੋਈ ਹੁੰਦੀ। ਓਹ ਤਾਂ ਏਹੋ ਸੋਚੀ ਬੈਠਾ ਸੀ ਕਿ ਤਾਰਾ ਆਪਣੇ ਪਿਓ ਨੂੰ ਨਹੀਂ ਪਛਾਣ ਸਕੇਗੀ। ਬਲਭੱਦ੍ਰ ਸਿੰਘ ਆਪਣੇ ਆਪਨੂੰ ਲੁਕਾਵੇਗਾ ਤੇ ਦੇਵੀ ਸਿੰਘ ਮੇਰੇ ਭੇਤਾਂ ਨੂੰ ਗੁਪਤ ਰਖਣ ਦਾ ਯਤਨ ਕਰੇਗਾ ਏਸੇ ਹੌਸਲੇ ਤੇ ਓਹ ਕਮਲਨੀ ਨੂੰ ਮਿਲਣ ਲਈ ਜਾ ਰਿਹਾ ਸੀ, ਥੋੜੇ ਚਿਰ ਵਿਚ ਇਹ ਲੋਕ ਮਕਾਨ ਦੇ ਪਾਸ ਪਹੁੰਚ ਗਏ, ਤਲਾ ਵਿਚ ਮਿਟੀ ਦੀ ਥਾਂ ਬੜਾ ਨਿਰਮਲ ਜਲ ਭਰਿਆ ਹੋਇਆ ਸੀ। ਜਦ ਇਹ ਲੋਕ ਮਕਾਨ ਦੇ ਪਾਸ ਪਹੁੰਚੇ ਤਾਂ ਅੰਦਰੋਂ ਭੈਰੋਂ ਸਿੰਘ ਤੇ ਦੇਵੀ ਸਿੰਘ ਦਿਸੇ, ਭੈਰੋਂ ਸਿੰਘ ਨੇ ਏਨਾਂ ਨੂੰ ਠਹਿਰਨ ਦੀ ਸੈਨਤ ਕੀਤੀ ਤੇ ਆਪ ਇਕ ਬੇੜੀ ਖੋਹਲ ਕੇ ਪਾਰ ਲੈ

ਗਿਆ ਤੇ ਮੁੜ ਇਨਾਂ ਨੂੰ ਚੜ੍ਹਾਕੇ ਅੰਦਰ ਲੈ ਆਇਆ। ਸ਼ਾਮ ਸੁੰਦਰ ਸਿੰਘ ਤੇ ਭਗਵਾਨੀ ਨੂੰ ਨਿਸਚਾ ਸੀ ਕਿ ਇਹ ਮਕਾਨ ਓਸੇਤਰਾਂ ਉੱਜੜਿਆ ਹੋਇਆ ਹੋਵੇਗਾ ਕਿਉਂਕਿ ਵੈਰੀ ਤਾਂ ਇਕ ਪਾਣੀ ਪੀਣ ਦਾ ਕੋਲ ਭੀ ਨਹੀਂ ਛੱਤ ਗਏ ਸਨ ਪਰ ਨਹੀਂ ਇਸ ਵੇਲੇ ਜੋ ਕੁਛ ਸਾਮਾਨ ਓਸਨੇ ਓਥੇ ਵੇਖਿਆ ਓਹ ਪਹਿਲੇ ਤੋਂ ਭੀ ਵਡਮੁਲਾ ਸੀ। ਇਸ ਦਾ ਕਾਰਨ ਇਹ ਸੀ ਕਿ ਵੈਰੀ ਓਹੋ ਚੀਜ਼ਾਂ ਲੈ ਗਏ ਸਨ ਜੋ ਓਹ ਦੇਖ ਸਕਦੇ ਸਨ ਉਨਾਂ ਨੂੰ ਇਸ ਮਕਾਨ ਦੀਆਂ ਕੋਠੜੀਆਂ ਤੇ ਭੋਰਿਆਂ ਦਾ ਕੁਛ ਪਤਾ ਨਹੀਂ ਸੀ ਜਿਨਾਂ ਵਿਚ ਇਕ ਤੋਂ ਇਕ ਵਧੀਕ ਵਡਮੁਲੀ ਚੀਜ਼ ਤੇ ਸਮਾਨ ਮਕਾਨ ਸਜਾਉਣ ਲਈ ਭਰਿਆ ਪਿਆ ਸੀ ਜੋ ਕਮਲਨੀ ਨੇ ਕੱਢਕੇ ਮਕਾਨ ਪਹਿਲੇ ਤੋਂ ਵਧੀਕ ਸਜਾ ਲਿਆ ਸੀ, ਨਸੇ ਹੋਏ ਆਦਮੀਆਂ ਵਿਚੋਂ ਦੋ ਚਾਰ ਸਿਪਾਹੀ ਤੇ ਨੌਕਰ ਭੀ ਆ ਗਏ ਸਨ।

ਤਾਰਾ ਸਿੰਘ, ਸ਼ਾਮ ਸੁੰਦਰ ਸਿੰਘ, ਭਗਵਾਨੀ ਤੇ ਭੂਤ-ਨਾਥ ਓਸ ਕਮਰੇ ਵਿਚ ਪੁਚਾਏ ਗਏ ਜਿਸ ਵਿਚ ਕਿਸ਼ੋਰੀ, ਕਾਮਨੀ, ਕਮਲਨੀ ਲਾਡਲੀ ਤੇ ਬਲਭੱਦ੍ਰ ਸਿੰਘ ਬੈਠੇ ਹੋਏ ਸਨ।

ਬਲਭੱਦ੍ਰ ਸਿੰਘ ਨੂੰ ਅਸਲੀ ਸੂਰਤ ਵਿਚ ਦੇਖਦਿਆਂ ਹੀ ਭੂਤਨਾਥ ਤ੍ਰਬਕਿਆ ਤੇ ਘਬਰਾਕੇ ਪਿਛਾਹਾਂ ਹਟਿਆ ਪਰ ਭੈਰੋਂ ਸਿੰਘ ਨੇ ਓਸਦੇ ਪਿਛੇ ਜਾਕੇ ਰੋਕ ਲਿਆ, ਬਲਭੱਦ੍ਰ ਸਿੰਘ ਅਸਲੀ ਸੂਰਤ ਵਿਚ ਵੇਖਕੇ ਭੂਤਨਾਥ ਨੂੰ ਨਿਸਚਾ ਹੋ ਗਿਆ ਕਿ ਉਸ ਦਾ ਸਾਰਾ ਭੇਤ ਖੁਲ ਗਿਆ ਹੈ, ਉਸ ਵੇਲੇ ਤਾਂ ਉਸਨੂੰ ਕੁਛ ਭੀ ਸੰਦੇਹ ਨ ਰਿਹਾ ਜਦ ਓਸਨੇ ਕਮਲਨੀ ਦੇ ਸਾਹਮਣੇ ਓਹ ਪਿੱਤਲ ਦੀ ਸੰਦੂਕੜੀ ਤੇ ਕਾਗਤਾਂ ਦਾ ਮੁਠਾ ਪਿਆ ਦੇਖਿਆ

ਇਸ ਵੇਲੇ ਭੂਤਨਾਥ ਦਾ ਚੇਹਰਾ ਦੇਖਣ ਤੋਂ ਮਲੂੰਮ ਹੁੰਦਾ ਸੀ ਕਿ ਇਹ ਪਾਗਲ ਹੋ ਜਾਵੇਗਾ ਕਿਉਂਕਿ ਉਸਦੀ ਹੋਸ਼ ਟਿਕਾਣੇ ਨਹੀਂ ਰਹੀ ਸੀ ਤੇ ਓਹ ਘਬਰਾਕੇ ਚੌਹੀਂ ਪਾਸੀਂ ਵੇਖਰਿਹਾ ਸੀ।

ਬਲਭੱਦ੍ਰਃ—ਭੂਤਨਾਥ! ਮੈਂ ਸ਼ੋਕ ਕਰਦਾ ਹਾਂ ਕਿ ਤੁਹਾਡਾ ਭੇਤ ਹੋਰ ਬਹੁਤ ਦਿਨ ਤਕ ਨ ਲੁਕਿਆ ਰਿਹਾ।

ਦੇਵੀਃ—ਜਿਸ ਗੰਢ ਵਿਚ ਤਾਰਾ ਦੇ ਭਾਰਾ ਸਨ ਅਰ ਮੈਂ ਇਸਵੇਲੇ ਤੁਹਾਡੇ ਸਾਹਮਣੇ ਪਈ ਹੈ ਓਹ ਅਸਲ ਵਿਚ ਤੇਜ ਸਿੰਘ ਦੇ ਹਥ ਆ ਗਈ ਸੀ।

ਬਲਭੱਦ੍ਰਃ—ਜਿਸ ਨਕਾਬਪੋਸ਼ ਨੇ ਤੇਰੇ ਸਾਹਮਣੇ ਮੈਨੂੰ ਹਰਾਯਾ ਸੀ ਓਹ ਤੇਜ ਸਿੰਘ ਸੀ ਅਤ ਹੁਣ ਤੇਰੇ ਪਾਸ ਖਲੋਤੇ ਹਨ! ਹੈਂ! ਹੈਂ! ਦੇਖ ਸੰਭਲ ਹੋਸ਼ ਵਿਚ ਆ।

ਭੂਤਃ—(ਘਬਰਾਈ ਹੋਈ ਆਵਾਜ਼ ਨਾਲ) ਉਫ! ਉਸ ਇਸਤ੍ਰੀ ਨੂੰ ਧੋਖਾ ਹੋਇਆ! ਓਸਨੇ ਨਕਾਬ ਪੋਸ਼ ਨੂੰ ਨਹੀਂ ਪਛਾਣਿਆਂ। ਭੂਤਨਾਥ ਪਾਗਲਾਂ ਵਾਗ ਚੌਹੀਂ ਪਾਸੀਂ ਵੇਖ ਰਿਹਾ ਸੀ ਫੇਰ ਭੁਵਾਟਣੀ ਖਾਕੇ ਧਰਤੀ ਤੇ ਡਿਗ ਪਿਆ ਤੇ ਬੇਹੋਸ਼ ਹੋਗਿਆ।

ਤੇਜਃ—ਬੁਰੇ ਕਰਮਾਂ ਦਾ ਇਹ ਫਲ ਹੁੰਦਾ ਹੈ।

ਦੇਵੀਃ—ਇਸਨੂੰ ਕੋਈ ਪੁਛੇ ਕਿ ਅਜੇਹੇ ਕੁਕਰਮ ਕਰਕੇ ਤੂੰ ਸੰਸਾਰ ਵਿਚ ਕੀ ਸੁਖ ਪਾਇਆ ਹੈ, ਮੈਂ ਸਮਝਦਾ ਹਾਂ ਕਿ ਇਹ ਜਾਂ ਤਾਂ ਏਥੋਂ ਨਸ ਜਾਵੇਗਾ ਜਾਂ ਆਪਣੀ ਜਾਨ ਦੇ ਦੇਵੇਗਾ।

ਬਲਭੱਦ੍ਰਃ—ਹਾਂ ਜੇ ਏਸਦੀ ਇਕ ਬਹੁਤ ਪਯਾਰੀ ਚੀਜ਼ ਮੇਰੇ ਕਾਬੂ ਨ ਹੁੰਦੀ ਤਾਂ ਇਹ ਜਰੂਰ ਨੱਸ ਜਾਂਦਾ ਜਾਂ ਮਰਜਾਂਦਾ ਪਰ ਹੁਣ ਅਜੇਹਾ ਨਹੀਂ ਕਰ ਸਕਦਾ।

ਕਮਲਨੀ–ਓਹ ਕੇਹੜੀ ਚੀਜ਼ ਹੈ ?

ਬਲਭੱਦ੍ਰਃ–ਕਾਹਲ ਨ ਕਰੋ ਉਸਦਾ ਭੀ ਪਤਾ ਲਗ ਜਾਵੇਗਾ।

ਤੇਜ–ਹਛਾ ਦਸੋ ਜੁ ਹੁਣ ਇਸਦੇ ਨਾਲ ਕੀ ਵਰਤਾਉ ਕੀਤਾ ਜਾਵੇ ?

ਬਲਭੱਦ੍ਰਃ–ਬਸ ਏਹੋ ਕਿ ਏਸਨੂੰ ਚੁੱਕ ਕੇ ਤਲਾ ਦੇ ਬਾਹਰ ਛਡ ਆਓ ਜਿਥੇ ਏਸਦਾ ਜੀ ਚਾਹੇ ਚਲਾ ਜਾਵੇ।

ਕਮਲਨੀ–(ਤੇਜ ਸਿੰਘ ਨੂੰ) ਤੁਹਾਨੂੰ ਕੁਛ ਪਤਾ ਹੈ ਕਿ ਇਸਦਾ ਪੁਤ੍ਰ ਨਾਨਕ ਕਿਥੇ ਹੈ ?

ਤੇਜਃ–ਨਹੀਂ ਮੈਨੂੰ ਨਹੀਂ ਪਤਾ।

ਕਮਲਨੀ–ਇਸਦਾ ਇਕੋ ਹੀ ਪੁਤ੍ਰ ਹੈ ?

ਤੇਜਃ–ਕੀ ਤੁਹਾਨੂੰ ਅਜ ਤਕ ਪਤਾ ਨਹੀਂ ਕਿ ਇਸਦੀ ਪਹਿਲੀ ਇਸਤ੍ਰੀ ਵਿਚੋਂ ਇਕ ਲੜਕੀ ਭੀ ਹੈ ਜਿਸਦਾ ਨਾਉਂ ਕਮਲਾ ਹੈ ਤੇ ਜੋ ਤੁਹਾਡੀ ਪਿਆਰੀ ਸਹੇਲੀ ਹੈ, ਪਰੰਤੂ ਸ਼ੋਕ ਕਿ ਜਦ ਕਮਲਾ ਇਸ ਦੁਸ਼ਟਤਾਈ ਦਾ ਹਾਲ ਸੁਣੇਗੀ ਤਾਂ ਓਸਨੂੰ ਬੜਾ ਦੁਖ ਹੋਵੇਗਾ ਮੈਂ ਸਚ ਕਹਿੰਦਾ ਹਾਂ ਕਿ ਕਮਲਾ ਜੇਹੀ ਨੇਕ ਕੁੜੀ ਕੋਈ ਵਿਰਲੀ ਹੀ ਹੋਵੇਗੀ।

ਇਹ ਸੁਣਕੇ ਭੈਰੋਂ ਸਿੰਘ ਦੇ ਚੇਹਰੇ ਤੇ ਪ੍ਰਸੰਨਤਾ ਝਲਕਣ ਲਗ ਪਈ ਜਿਸਨੂੰ ਓਸਨੇ ਹੋਸ਼ਯਾਰੀ ਨਾਲ ਦਬ ਲਿਆ ਤੇ ਕਿਸ਼ੋਰੀ ਸਿਰ ਨੀਵਾਂ ਪਾਕੇ ਕੁਛ ਸੋਚਣ ਲਗ ਪਈ।

ਤੇਜਃ–(ਬਲਭੱਦ੍ਰ ਸਿੰਘ ਨੂੰ) ਹਛਾ ਜੀ ਤਾਂ ਇਸਨੂੰ ਤਲਾ ਦੇ ਬਾਹਰ ਛੱਡ ਆਈਏ।

ਬਲਭੱਦ੍ਰਃ–ਜੀ ਹਾਂ ਮੇਰੀ ਤਾਂ ਏਹੋ ਮਰਜੀ ਹੈ।

ਕਮਲਨੀ—ਕੀ ਏਸਨੂੰ ਕੁਛ ਦੰਡ ਨਹੀਂ ਦਿਤਾ ਜਾਵੇਗਾ? ਇਸਦਾ ਤਾਂ ਹੁਣੇ ਸਿਰ ਲਾਹ ਲੈਣਾ ਚਾਹੀਦਾ ਹੈ,

ਬਲਭੱਦ੍ਰਃ—(ਹੈਰਾਨੀ ਨਾਲ ਕਮਲਨੀ ਵਲ ਦੇਖਕੇ) ਮੈਨੂੰ ਬੜੀ ਹੈਰਾਨੀ ਹੈ ਕਿ ਤੂੰ ਅਜੇਹੀ ਗੱਲ ਕਹਿੰਦੀ ਹੈਂ, ਸ਼ਾਇਦ ਗਮ ਕਰਕੇ ਤੇਰੀ ਬੁੱਧ ਚਕਰਾ ਗਈ ਹੈ, ਕੀ ਇਸਨੂੰ ਮਾਰ ਦੇਣ ਨਾਲ ਬਦਲਾ ਲਹਿ ਜਾਵੇਗਾ ?

ਕਮਲਨੀ ਨੇ ਸ਼ਰਮਿੰਦਿਆਂ ਹੋਕੇ ਸਿਰ ਨੀਵਾਂ ਪਾਲਿਆ, ਤੇਜ ਸਿੰਘ ਦੇ ਕਹੇ ਤੇ ਭੈਰੋਂ ਸਿੰਘ ਤੇ ਦੇਵੀ ਸਿੰਘ ਨੇ ਭੂਤਨਾਥ ਨੂੰ ਬਾਹਰ ਪੁਚਾ ਦਿਤਾ। ਤਾਰਾ ਸਿੰਘ ਤੇ ਸ਼ਾਮ ਸੁੰਦਰ ਸਿੰਘ ਹੈਰਾਨ ਹੋਕੇ ਸਭਨਾਂ ਦੇ ਮੂੰਹ ਵਲ ਦੇਖ ਰਹੇ ਸਨ ਕਿ ਇਹ ਕੀ ਗੱਲ ਹੈ ਕਿਉਂਕਿ ਉਨਾਂ ਨੂੰ ਇਸਤੋਂ ਪਹਿਲਾਂ ਹੋ ਚੁਕੀ ਗਲ ਬਾਤ ਦਾ ਕੁਛ ਪਤਾ ਨਹੀਂ ਸੀ।

ਇਸਤੋਂ ਵੇਹਲੇ ਹੋਕੇ ਤੇਜ ਸਿੰਘ ਨੇ ਤਾਰਾ ਸਿੰਘ ਨੂੰ ਇਕ ਪਾਸੇ ਲੈਜਾਕੇ ਜੋ ਕੁਛ ਹਾਲ ਬੀਤਿਆ ਸੀ ਸਭ ਕਹਿ ਸੁਨਾਇਆ ਇਸਦੇ ਪਿਛੋਂ ਕਮਲਨੀ ਨੇ ਬਲਭੱਦ੍ਰ ਸਿੰਘ ਨੂੰ ਕਿਹਾ ਕਿ ਮੇਰਾ ਮਨ ਇਸ ਗਲ ਦੇ ਜਾਣਨ ਲਈ ਵਿਆਕੁਲ ਹੋ ਰਿਹਾ ਹੈ ਕਿ ਆਪ ਏਤਨਾ ਚਿਰ ਕਿਥੇ ਰਹੇ ? ਕਿਸ ਦਸ਼ਾ ਵਿਚ ਰਹੇ ਕੀ ਕਰਦੇ ਰਹੇ ? ਕੀ ਕੀ ਬਿਪਤਾ ਤੁਹਾਡੇ ਤੇ ਪਈਆਂ, ਅਰ ਸਾਡਾ ਹਾਲ ਜਾਣਨ ਤੇ ਭੀ ਸਾਨੂੰ ਕਿਉਂ ਨਾ ਮਿਲੇ ? ਕੀ ਆਪਨੂੰ ਇਹ ਪਤਾ ਨਹੀਂ ਸੀ ਕਿ ਸਾਡੀਆਂ ਧੀਆਂ ਕਿਸ ਬਿਪਤਾ ਵਿਚ ਹਨ ?

ਬਲਭੱਦ੍ਰਃ—ਘਬਰਾ ਨਾ, ਏਨਾਂ ਸਾਰੀਆਂ ਗਲਾਂ ਦਾ ਉੱਤਰ ਤੈਨੂੰ ਮਿਲ ਜਾਵੇਗਾ ਪਹਿਲਾਂ ਚਿਠੀਆਂ ਸੁਣ ਲੈ ਫੇਰ ਜੋ ਤੇਰੀ

ਮਰਜੀ ਹੋਵੇ ਸੋ ਪੁਛ ਲਵੀਂ ਅਰ ਮੈਨੂੰ ਭੀ ਜੋ ਗਲਾਂ ਮਲੂੰਮ ਨਹੀਂ ਸੋ ਪੁਛ ਲਵਾਂਗਾ। (ਤੇਜ ਸਿੰਘ ਨੂੰ) ਜੇ ਇਸ ਵੇਲੇ ਕੋਈ ਜਰੂਰੀ ਕੰਮ ਨ ਹੋਵੇ ਤਾਂ ਪਹਿਲਾਂ ਓਹ ਚਿਠੀਆਂ ਪੜ੍ਹ ਲਵੋ।

ਤੇਜ ਸਿੰਘ—ਹਾਂ ਹਾਂ, ਹੁਣ ਚਿੱਠੀਆਂ ਪੜ੍ਹ ਲਵਾਂਗਾ ਅਰ ਇਸ ਵੇਲੇ ਅਸੀ ਹਾਂ ਭੀ ਵੇਹਲੇ। ਹਾਂ ਤਾਰਾ ਸਿੰਘ ਨੂੰ ਕੁਛ ਕੰਮ.....

ਤਾਰਾ—ਨਹੀਂ ਮੈਨੂੰ ਹੋਰ ਕੋਈ ਕੰਮ ਨਹੀਂ ਨਿਰਾ ਭਗਵਾਨੀ ਵਲੋਂ ਪੁਛਣਾ ਕਿ ਇਸਦੇ ਨਾਲ ਕੀ ਵਰਤਾਓ ਕੀਤਾ ਜਾਵੇ ?

ਤੇਜਾ—ਇਸਦਾ ਉੱਤਰ ਕਮਲਨੀ ਦੇ ਬਿਨਾਂ ਹੋਰ ਕੋਈ ਨਹੀਂ ਦੇ ਸਕਦਾ, ਇਹ ਕਹਿਕੇ ਉਸ ਨੇ ਕਮਲਨੀ ਵਲ ਦੇਖਯਾ।

ਕਮਲਨੀ—(ਭੈਰੋਂ ਸਿੰਘ ਨੂੰ) ਆਪ ਨੂੰ ਏਥੋਂ ਦਾ ਸਭ ਹਾਲ ਮਲੂੰਮ ਹੋ ਚੁਕਾ ਹੈ ਸੋ ਆਪ ਹੀ ਤਹਿਖਾਨੇ ਵਿਚ ਜਾਣ ਦੀ ਖੇਚਲ ਕਰੋ।

ਭੈਰੋਂ ਸਿੰਘ ਬਹੁਤ ਅਛਾ ਕਹਿਕੇ ਉਠਿਆ ਅਰ ਭਗਵਾਨੀ ਨੂੰ ਵੀਣੀਂ ਤੋਂ ਫੜਕੇ ਬਾਹਰ ਲੈ ਗਿਆ, ਕਮਲਨੀ ਨੇ ਸ਼ਾਮ ਸੁੰਦਰ ਸਿੰਘ ਨੂੰ ਕਿਹਾ ਕਿ ਹੁਣ ਤੁਹਾਡਾ ਏਥੋਂ ਕੋਈ ਕੰਮ ਨਹੀਂ ਸੋ ਜਾਓ ਅਰ ਆਪਣੇ ਆਦਮੀ ਜੋ ਵੈਰੀ ਦੇ ਸਤਾਏ ਹੋਏ ਨਸ ਗਏ ਹਨ ਕਠੇ ਕਰੋ ਅਰ ਓਹਨਾਂ ਨੂੰ ਮੇਰੇ ਆ ਜਾਣ ਦੀ ਖਬਰ ਦੇਵੋ, ਬਸ ਜਾਓ ਹੁਣ ਠਹਿਰਨ ਦੀ ਕੋਈ ਲੋੜ ਨਹੀਂ।

ਸ਼ਾਮ ਸੁੰਦਰ ਸਿੰਘ ਚਾਹੁੰਦਾ ਸੀ ਕਿ ਏਥੇ ਠਹਿਰ ਕੇ ਅਚੰਭੇ ਭਰੀਆਂ ਗਲਾਂ ਸੁਣੇ ਅਰ ਭੂਤਨਾਥ ਤੇ ਬਲਭੱਦ੍ਰ ਸਿੰਘ ਦੀ ਅਨੋਖੀ ਕਹਾਣੀ ਦਾ ਪਤਾ ਕਰੇ ਕਿਉਂਕਿ ਬਲਭੱਦ੍ਰ ਸਿੰਘ

ਨੂੰ ਦੇਖਦਿਆਂ ਭੂਤਨਾਥ ਦੀ ਜੋ ਦਸ਼ਾ ਹੋਈ ਸੀ ਓਹ ਆਪਣੀ ਅੱਖੀਂ ਦੇਖ ਚੁਕਾ ਸੀ ਪਰ ਕਮਲਨੀ ਦਾ ਹੁਕਮ ਸੁਣਕੇ ਉਸਦਾ ਮਨ ਟੁਟ ਗਿਆ ਅਰ ਭੈੜੇ ਮਨ ਨਾਲ ਬਾਹਰ ਨੂੰ ਤੁਰ ਪਿਆ, ਕਮਲਨੀ ਦੀ ਸੈਨਤ ਨਾਲ ਦੇਵੀ ਸਿੰਘ ਉਸਨੂੰ ਬਾਹਰ ਛੱਡਣ ਚਲਾ ਗਿਆ।

ਭੂਤਨਾਥ ਹੋਸ਼ ਵਿਚ ਆਕੇ ਚੁਪ ਚਾਪ ਤਲਾ ਦੀ ਪੌੜੀ ਤੇ ਬੈਠਾ ਹੋਇਆ ਸੀ, ਸ਼ਾਮ ਸੁੰਦਰ ਤੇ ਦੇਵੀ ਸਿੰਘ ਨੂੰ ਬਾਹਰ ਆਉਂਦੇ ਉਸਨੇ ਦੇਖਿਆ। ਦੇਵੀ ਸਿੰਘ ਨੂੰ ਆਉਂਦਿਆਂ ਦੇਖਕੇ ਓਹ ਉਠ ਖਲੋਤਾ ਅਰ ਪਾਸ ਜਾਕੇ ਉਸਦੀ ਵੀਣੀ ਫੜਕੇ ਬੋਲਿਆ:—ਪਹਿਲਾਂ ਮੇਰੀ ਗਲ ਦਾ ਉੱਤਰ ਦੇ ਲਵੋ ਫੇਰ ਭੇਖੋਂ ਜਾਣਾ।

ਦੇਵੀ:—ਬਹੁਤ ਹਛਾ ਮੈਂ ਤਿਆਰ ਹਾਂ ਜੋ ਪੁਛਣਾ ਹੋਵੇ ਸੋ ਪੁਛੋ, (ਸ਼ਾਮ ਸੁੰਦਰ ਨੂੰ) ਤੁਸੀ ਕਿਉਂ ਖੜੇ ਹੋ ਜੋ ਕੰਮ ਤੁਹਾਡੇ ਅਪਰਦ ਹੈ ਸੋ ਕਰੋ। ਦੇਵੀ ਸਿੰਘ ਦੀ ਗਲ ਸੁਣਕੇ ਸ਼ਾਮ ਸੁੰਦਰ ਨੂੰ ਬਹੁਤ ਦੁਖ ਹੋਇਆ ਅਰ ਓਹ ਮੂੰਹ ਬਣਾਕੇ ਚਲਾ ਗਿਆ।

ਦੇਵੀ:—(ਭੂਤਨਾਥ ਨੂੰ) ਹੁਣ ਜੋ ਕਹਿਣਾ ਹੋਵੇ ਸੋ ਕਹੋ।

ਭੂਤਨਾਥ—ਪਹਿਲਾਂ ਮੈਨੂੰ ਇਹ ਦਸੋ ਕਿ ਮੈਂਨੂੰ ਇਤਨੀ ਬੇਇੱਜ਼ਤੀ ਨਾਲ ਬਾਹਰ ਕਿਉਂ ਕੱਢਿਆ ਗਿਆ?

ਦੇਵੀ:—ਕੀ ਤੁਸੀ ਆਪ ਇਸਦੀ ਬਾਬਤ ਕੁਛ ਨਹੀਂ ਸੋਚ ਸਕਦੇ?

ਭੂਤਨਾਥ—ਮੈਂ ਕੀ ਸੋਚ ਸਕਦਾ ਹਾਂ? ਹਾਂ ਇਹ ਜਾਣਦਾ ਹਾਂ ਕਿ ਸਭਨਾਂ ਦੀ ਨਜ਼ਰ ਮੇਰੇ ਤੇ ਘ੍ਰਿਣਾ ਵਾਲੀ ਪੈ ਰਹੀ ਸੀ ਹੋਰ ਮੈਨੂੰ ਕੀ ਪਤਾ।

ਦੇਵੀਃ-ਕੀ ਤੂੰ ਬਲਭੱਦ੍ਰ ਸਿੰਘ ਨੂੰ ਨਹੀਂ ਦੇਖਿਆ ? ਕੀ ਤੇਰੀ ਨਜ਼ਰ ਉਸ ਗੰਢ ਤੇ ਨਹੀਂ ਪਈ ਜੋ ਤੇਜ ਸਿੰਘ ਜੀ ਦੇ ਅਗੇ ਪਈ ਹੋਈ ਸੀ ਅਰ ਕੀ ਤੂੰ ਨਹੀਂ ਜਾਣਦਾ ਕਿ ਓਹਨਾਂ ਚਿੱਠੀਆਂ ਵਿਚ ਕੀ ਲਿਖਿਆ ਹੋਇਆ ਹੈ ?

ਭੂਤਨਾਥ-ਓਦੋਂ ਨਹੀਂ ਤਾਂ ਹੁਣ ਸਮਝ ਗਿਆ ਹਾਂ, ਉਸ ਆਦਮੀ ਨੇ ਜੋ ਆਪਣੇ ਆਪ ਨੂੰ ਬਲਭੱਦ੍ਰ ਸਿੰਘ ਦਸਦਾ ਹੈ ਮੇਰੀ ਚੁਗਲੀ ਕੀਤੀ ਹੋਵੇਗੀ ਅਰ ਮੇਰੇ ਤੇ ਝੂਠਾ ਦੋਸ਼ ਲਾਕੇ ਕਲੰਕਤ ਕੀਤਾ ਹੋਵੇਗਾ, ਹਣਾ ਮੈਂ ਤੁਹਾਨੂੰ ਹੁਸ਼ਯਾਰ ਕਰ ਦੇਂਦਾ ਹਾਂ ਕਿ ਓਹ ਆਦਮੀ ਅਸਲੀ ਬਲਭੱਦ੍ਰ ਸਿੰਘ ਨਹੀਂ ਹੈ ਓਹ ਪੂਰਾ ਫਰੇਬੀ ਹੈ ਜ਼ਰੂਰ ਆਪ ਲੋਕਾਂ ਨੂੰ ਧੋਖਾ ਦੇਵੇਗਾ ਜੇ ਆਪ ਲੋਕਾਂ ਨੂੰ ਮੇਰੀਆਂ ਗਲਾਂ ਤੇ ਨਿਸਚਾ ਨਾ ਹੋਵੇ ਤਾਂ ਇਕ ਆਦਮੀ ਮੇਰੇ ਨਾਲ ਚਲੇ ਮੈਂ ਨਾਲ ਚਲ ਕੇ ਅਸਲੀ ਬਲਭੱਦ੍ਰ ਸਿੰਘ ਨੂੰ ਦਿਖਾ ਦੇਵਾਂਗਾ ਜੋ ਅਜੇ ਤਕ ਕੈਦਖਾਨੇ ਵਿਚ ਪਿਆ ਹੋਇਆ ਹੈ, ਮੈਂ ਸੱਚ ਕਹਿੰਦਾ ਹਾਂ ਕਿ ਉਸ ਕਾਗਤ ਦੇ ਮੁੱਠੇ ਵਿਚ ਜੋ ਮੇਰੀ ਕੁਛ ਬੁਰਿਆਈ ਲਿਖੀ ਹੋਈ ਹੈ ਤਾਂ ਓਹ ਸਭ ਝੂਠ ਹੈ।

ਦੇਵੀਃ-ਮੈਂ ਤੁਹਾਡੇ ਕਹਿਣ ਤੇ ਕਿਸ ਤਰਾਂ ਨਿਸਚਾ ਕਰ ਸਕਦਾ ਹਾਂ ਜਦ ਮੈਂ ਤੁਹਾਡੇ ਅੱਖਰ ਪਛਾਣਦਾ ਹਾਂ। ਹਣਾ ਇਹ ਭੀ ਜਾਣ ਦੇਵੋ ਇਹ ਦਸੋ ਕਿ ਬਲਭੱਦ੍ਰ ਸਿੰਘ ਨੂੰ ਤੁਸੀ ਦੇਖਕੇ ਇਤਨੇ ਕਿਉਂ ਡਰੇ ? ਏਥੋਂ ਤਕ ਕਿ ਡਰ ਨਾਲ ਬੇਹੋਸ਼ ਹੋ ਗਏ !

ਭੂਤਨਾਥ-ਇਹ ਤਾਂ ਤੁਸੀ ਜਾਣਦੇ ਹੀ ਹੋ ਕਿ ਮੈਂ ਉਸਤੋਂ ਡਰਦਾ ਹਾਂ ਪਰ ਇਸ ਲਈ ਨਹੀਂ ਕਿ ਓਹ ਕਮਲਨੀ ਦਾ

ਪਿਓ ਬਲ ਭੱਦ੍ਰ ਸਿੰਘ ਹੈ ਸਰੋਂ ਉਸਤੋਂ ਤਰਨ ਦਾ ਕੋਈ ਹੋਰ ਹੀ ਕਾਰਨ ਹੈ ਜਿਸ ਲਈ ਮੈਂ ਕਹਿ ਚੁਕਾ ਹਾਂ ਕਿ ਆਪ ਮੈਥੋਂ ਨ ਪੁਛੋ ਅਰ ਜੇ ਆਪ ਨੂੰ ਮਲੂੰਮ ਭੀ ਹੋਜਾਵੇ ਤਾਂ ਮੇਰੇ ਕਹੇ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਦਸੋਗੇ।

ਦੇਵੀ:—ਹਛਾ ਏਸ ਗੱਲ ਦਾ ਉੱਤਰ ਦੇਵੋ ਕਿ ਤੁਹਾਨੂੰ ਮਲੂੰਮ ਸੀ ਕਿ ਕਮਲਨੀ ਦਾ ਪਿਉ ਫਲਾਣੀ ਥਾਂ ਕੈਦ ਹੈ ਅਰ ਤਾਰਾ ਅਸਲ ਵਿਚ ਲਛਮੀ ਦੇਵੀ ਹੈ ਜੇਹਾ ਕਿ ਤੁਸੀ ਹੁਣ ਕਹਿ ਚੁਕੇ ਹੋ ਤਾਂ ਤੁਸਾਂ ਅਜ ਤੱਕ ਕਮਲਨੀ ਨੂੰ ਕਿਉਂ ਨਾ ਦਸਿਆ ਇਹ ਗੱਲ ਕਿਉਂ ਨਾ ਕਹੀ ਕਿ ਮਾਹਾਰਾਣੀ ਸਚਮੁਚ ਤੇਰੀ ਸਕੀ ਭੈਣ ਨਹੀਂ ਹੈ।

ਭੂਤ:—ਇਸਦਾ ਕਾਰਨ ਇਹ ਹੈ ਕਿ ਅਸਲੀ ਬਲਭੱਦ੍ਰ ਸਿੰਘ ਨੇ ਜੋ ਅਜੇ ਤਕ ਕੈਦ ਹੈ ਮੈਥੋਂ ਬਚਨ ਲੈ ਲਿਆ ਸੀ ਕਿ ਜਦ ਤਕ ਮੈਂ ਕੈਦੋਂ ਛੁਟ ਨ ਜਾਵਾਂ ਮੇਰੇ ਤੇ ਲਛਮੀ ਦੇਵੀ ਵਲੋਂ ਕੋਈ ਗੱਲ ਕਿਸੇ ਨੂੰ ਨ ਕਹੀਂ ਅਰ ਸਚੀ ਗੱਲ ਇਹ ਹੈ ਕਿ ਜੇ ਮੇਰੇ ਤੇ ਏਤਨੀ ਵਿਪਤਾ ਨਾ ਪੈਂਦੀ ਤਾਂ ਮੈਂ ਕਦੇ ਭੀ ਨਾ ਦਸਦਾ, ਮੈਨੂੰ ਇਸ ਗੱਲ ਦਾ ਬੜਾ ਹੀ ਦੁਖ ਹੈ ਕਿ ਮੈਂ ਤਾਂ ਹਰ ਵੇਲੇ ਜਾਨ ਤਲੀ ਤੇ ਰੱਖਕੇ ਤੁਸਾਂ ਲੋਕਾਂ ਦਾ ਕੰਮ ਕਰਾਂ ਅਰ ਤੁਸੀ ਲੋਕ ਬਿਨਾਂ ਜਾਣੇ ਬੁਝੇ ਤੇ ਖੋਜ ਕੀਤੇ ਦੇ ਦੁਧ ਦੀ ਮਖੀ ਵਾਂਗ ਮੈਨੂੰ ਪਰੇ ਸੁਟ ਦੇਵੋ, ਕੀ ਧਰਮ ਨੇਕੀ ਤੇ ਲਿਹਾਜ ਏਸੇ ਨੂੰ ਆਖਦੇ ਹਨ ? ਏਹੋ ਬਹਾਦਰੀ ਹੈ ? ਅੰਤ ਨੂੰ ਮੇਰੇ ਤੇ ਦੋਸ਼ ਤਾਂ ਲਗ ਹੀ ਚੁਕਾ ਸੀ ਮੇਰੀਆਂ ਤੇ ਉਸ ਦੁਸ਼ਟ ਦੀਆਂ ਜੋ ਕਮਲਨੀ ਦਾ ਪਿਉ ਬਣਿਆ ਬੈਠਾ ਹੈ ਦੋ ਚਾਰ ਗਲਾਂ ਤਾਂ ਕਰਾ ਲੈਂਦੇ।

ਭੂਤ ਨਾਥ ਦੀ ਗਲ ਸੁਣਕੇ ਦੇਵੀ ਸਿੰਘ ਨੂੰ ਬੜਾ ਹੀ ਅਸਚਰਜ ਹੋਇਆ ਅਰ ਓਹ ਕੁਛ ਚਿਰ ਤੱਕ ਸਿਰ ਨੀਵਾਂ ਪਾਈ ਸੋਚਦਾ ਰਿਹਾ ਫੇਰ ਬੋਲਿਆ:--ਹਛਾ ਮੇਰੀ ਇਕ ਹੋਰ ਗੱਲ ਦਾ ਉਤ੍ਰ ਦੇਵੋ।

ਭੂਤ:-ਪੁਛੋ।

ਦੇਵੀ:-ਜੇ ਤੁਹਾਨੂੰ ਉਸ ਕਾਗਤ ਦੇ ਮੁਠੇ ਦਾ ਕੁਛ ਡਰ ਨਹੀਂ ਸੀ ਅਰ ਜੋ ਕੁਛ ਉਸ ਵਿਚ ਲਿਖਿਆ ਹੋਇਆ ਹੈ ਓਹ ਝੂਠ ਹੈ ਜੇਹਾ ਕਿ ਤੁਸੀ ਕਹਿ ਚੁਕੇ ਹੋ ਤਾਂ ਓਸ ਵੇਲੇ ਤੁਸੀ ਉਸ ਗੰਢ ਨੂੰ ਵੇਖਕੇ ਏਤਨੇ ਕਿਉਂ ਡਰੇ ਸੀ ਜਦ ਬਲਭੱਦ੍ਰ ਸਿੰਘ ਨੇ ਰਾਤ ਵੇਲੇ ਜੰਗਲ ਵਿਚ ਗੰਢ ਦਿਖਾਈ ਸੀ ਅਰ ਕਿਹਾ ਸੀ ਕਿ ਜੇ ਤੂੰ ਕਹੇਂ ਤਾਂ ਭਗਵਾਨੀ ਦੇ ਸਾਹਮਣੇ ਏਸਨੂੰ ਖੋਲਾਂ, ਮੈਂ ਸੁਣ ਚੁਕਾ ਹਾਂ ਕਿ ਉਸ ਵੇਲੇ ਇਸ ਗੰਢ ਨੂੰ ਵੇਖਕੇ ਤੁਸੀ ਕੰਬ ਉਠੇ ਸੀ ਅਰ ਚਾਹੁੰਦੇ ਸੀ ਕਿ ਭਗਵਾਨੀ ਦੇ ਸਾਹਮਣੇ ਗੰਢ ਖੋਲੀ ਜਾਵੇ।

ਭੂਤ:-ਠੀਕ ਹੈ ਪਰ ਮੈਂ ਇਸ ਕਾਗਤ ਦੇ ਮੁਠੇ ਨੂੰ ਜਾਦ ਕਰਕੇ ਨਹੀਂ ਡਰਿਆ ਸੀ ਸਗੋਂ ਮੈਨੂੰ ਇਸ ਗਲ ਦਾ ਪਤਾ ਭੀ ਨਹੀਂ ਸੀ ਕਿ ਇਸ ਗੰਢ ਵਿਚ ਕੋਈ ਕਾਗਤ ਦਾ ਮੁਠਾ ਹੈ ਸਚੀ ਗੱਲ ਇਹ ਹੈ ਕਿ ਮੈਂ ਉਸ ਪਿੱਤਲ ਦੀ ਸੰਦੂਕੜੀ ਨੂੰ ਯਾਦ ਕਰਕੇ ਡਰਿਆ ਸੀ ਜੋ ਉਸ ਵੇਲੇ ਤੇਜ ਸਿੰਘ ਦੇ ਸਾਹਮਣੇ ਪਈ ਹੋਈ ਸੀ, ਮੈਂ ਸਮਝਦਾ ਸਾਂ ਕਿ ਇਸ ਗੰਢ ਦੇ ਅੰਦਰ ਨਿਰੀ ਪਿੱਤਲ ਦੀ ਸੰਦੂਕੜੀ ਹੈ ਅਰ ਮੈਂ ਉਸੇ ਨੂੰ ਯਾਦ ਕਰਕੇ ਕੰਬ ਉਠਿਆ ਸੀ ਅਰ ਉਸਦੀ ਸੂਰਤ ਦੇਖਕੇ ਜੋ ਮੇਰੀ ਦਸਾ ਹੁੰਦੀ ਹੈ ਸੋ ਮੈਂ ਹੀ ਜਾਣਦਾ ਹਾਂ, ਪਰ ਨਾਲ ਹੀ

ਮੈਂ ਇਹ ਦੱਸ ਦੇਂਦਾ ਹਾਂ ਕਿ ਪਿੱਤਲ ਦੀ ਸੰਦੂਕੜੀ ਦੇ ਅੰਦਰ ਜੋ ਚੀਜ਼ ਹੈ ਉਸ ਨਾਲ ਕਮਲਨੀ ਲਾਡਲੀ ਜਾਂ ਤਾਰਾ ਅਥਵਾ ਅਸਲੀ ਬਲਭੱਦ੍ਰ ਸਿੰਘ ਦਾ ਕੋਈ ਸੰਬੰਧ ਨਹੀਂ ਹੈ ਇਸਦਾ ਨਿਸ਼ਚਾ ਆਪਨੂੰ ਉਸੇ ਵੇਲੇ ਹੋ ਜਾਵੇਗਾ ਜਦ ਓਹ ਖੋਲੀ ਜਾਵੇਗੀ।

ਭੂਤ ਨਾਥ ਦੀਆਂ ਗਲਾਂ ਨੇ ਦੇਵੀ ਸਿੰਘ ਨੂੰ ਚੱਕਰ ਵਿਚ ਪਾ ਦਿਤਾ ਓਹ ਨਹੀਂ ਸਮਝਦਾ ਸੀ ਕਿ ਅਸਲੀ ਗੋਲ ਕੀ ਹੈ ਬਹੁਤ ਚਿਰ ਤਕ ਸੋਚਣ ਦੇ ਪਿਛੋਂ ਫੇਰ ਦੇਵੀ ਸਿੰਘ ਨੇ ਪੁਛਿਆ ਚਛਾ ਹੁਣ ਤੂੰ ਕੀ ਚਾਹੁੰਦਾ ਹੈਂ ?

ਭੂਤਃ—ਬਸ ਮੈਂ ਏਹੋ ਚਾਹੁੰਦਾ ਹਾਂ ਕਿ ਆਪ ਮੈਨੂੰ ਫੇਰ ਮਕਾਨ ਦੇ ਅੰਦਰ ਲੈ ਚਲੋ ਤੇ ਤੇਜ ਸਿੰਘ ਤੇ ਤਿੰਨਾ ਭੈਣਾ ਨੂੰ ਕਹੋ ਕਿ ਮੇਰੇ ਮੁਕੱਦਮੇਂ ਦੀ ਪੂਰੀ ੨ ਪੜਤਾਲ ਕਰਨ, ਅਤ ਤੁਹਾਡੇ ਅਗੇ ਮੈਂ ਜੋ ਜੋ ਪ੍ਰਮਾਨ ਆਪਨੇ ਨਿਰਦੋਸ਼ ਹੋਣ ਦੇ ਦੇਵਾਂ ਉਨਾਂ ਨੂੰ ਚੰਗੀਤਰਾਂ ਸੁਣੋ ਸਮਝੋ ਤੇ ਦੇਖੋ ਫੇਰ ਜੋ ਝੂਠਾ ਹੋਵੇ ਓਸਨੂੰ ਦੰਡ ਦੇਵੋ ਬਸ !

ਦੇਵੀਃ—ਹਛਾ ਮੈਂ ਜਾਕੇ ਤੇਜ ਸਿੰਘ ਤੇ ਕਮਲਨੀ ਨੂੰ ਆਖਦਾ ਹਾਂ ਫੇਰ ਜੋ ਓਹ ਕਹਿਣਗੇ ਕੀਤਾ ਜਾਵੇਗਾ।

ਭੂਤਃ—ਹਛਾ ਇਕ ਕੰਮ ਹੋਰ ਕਰੋ ਇਹ ਤਸਵੀਰ ਲਛਮੀ ਦੇਵੀ ਨੂੰ ਦਿਖਾਕੇ ਪੁਛੋ ਕਿ ਤੇਰਾ ਪਿਓ ਇਹ ਹੈ ਕਿ ਜਾਂ ਇਹ ਫਰੇਬੀ ਜੋ ਹੁਣ ਤੇਰਾ ਪਿਉ ਬਣੀ ਬੈਠਾ ਹੈ ? ਇਹ ਕਹਿਕੇ ਭੂਤ ਨਾਥ ਨੇ ਆਪਨੇ ਬਟੂਏ ਵਿਚ ਇਕ ਮੂਰਤ ਕਢਕੇ ਦੇਵੀ ਸਿੰਘ ਦੇ ਹਥ ਦਿਤੀ।

ਦੇਵੀ ਸਿੰਘ ਨੇ ਓਹ ਮੂਰਤ ਲੈਕੇ ਵੇਖੀ ਓਹ ਮੂਰਤ ਪੂਰੀ

ਪੂਰੀ ਤਾਂ ਨਹੀਂ ਪਰ ਬਹੁਤ ਕੁਛ ਬਲਭੱਦਰ ਸਿੰਘ ਨਾਲ ਮਿਲਦੀ ਸੀ, ਭੂਤਨਾਥ ਦੀਆਂ ਗਲਾਂ ਨਾਲ ਦੇਵੀ ਸਿੰਘ ਬਹੁਤ ਕੁਛ ਸੋਚਾਂ ਵਿਚ ਪੈਗਿਆ ਸੀ ਓਹ ਸੋਚਦਾ ਸੀ ਕਿ ਚਿਠੀਆਂ ਤਾਂ ਠੀਕ ਭੂਤਨਾਥ ਦੇ ਹਥਾਂ ਦੀਆਂ ਹਨ ਪਰ ਕੁਛ ਸਮਝ ਵਿਚ ਨਹੀਂ ਆਉਂਦਾ। ਇਨ੍ਹਾਂ ਗਲਾਂ ਨੂੰ ਸੋਚਦਾ ਹੋਯਾ ਦੇਵੀਸਿੰਘ ਬੇੜੀ ਤੇ ਚੜ੍ਹਕੇ ਪਿਛਾਂਹ ਮੁੜਗਿਆ ਉਸ ਵੇਲੇ ਤੇਜ ਸਿੰਘ ਕਾਗਤਾਂ ਦਾ ਮੁਠਾ ਹੱਥ ਵਿਚ ਫੜਕੇ ਪੜ੍ਹਨ ਲਈ ਦੇਵੀ ਸਿੰਘ ਨੂੰ ਉਡੀਕ ਰਿਹਾ ਸੀ।

ਤੇਜਃ—ਦੇਵੀ ਸਿੰਘ ਤੁਸਾਂ ਏਤਨਾ ਚਿਰ ਕਿਉਂ ਲਾਇਆ ਮੈਂ ਕਦਦਾ ਚਿੱਠੀਆਂ ਪੜ੍ਹਨੋ ਰੁਕਿਆ ਹੋਇਆ ਹਾਂ।

ਦੇਵੀ—ਹਾਂ ਪੜ੍ਹੋ ਮੈਂ ਭੀ ਆ ਗਿਆ ਹਾਂ।

ਤੇਜਃ—ਪਰ ਇਹ ਦਸੋ ਕਿ ਤੁਸਾਂ ਏਤਨਾ ਚਿਰ ਕਿਉਂ ਲਾਇਆ ?

ਦੇਵੀਃ—ਭੂਤਨਾਥ ਨੇ ਮੈਨੂੰ ਰੋਕ ਲਿਆ ਸੀ ਤੇ ਕਹਿੰਦਾ ਸੀ ਕਿ ਪਹਿਲਾਂ ਮੇਰੀ ਗਲ ਸੁਣ ਲਵੋ ਫੇਰ ਏਥੋਂ ਜਾਣਾਂ।

ਬਲਭੱਦ੍ਰਃ—ਕੀ ਅਜੇ ਤਕ ਭੂਤਨਾਥ ਤਲਾ ਦੇ ਬਾਹਰ ਬੈਠਾ ਹੋਇਆ ਹੈ ?

ਦੇਵੀਃ—ਜੀ ਹਾਂ ਅਜੇਤਕ ਬੈਠਾ ਹੋਯਾ ਹੈ ਤੇ ਬੈਠਾ ਰਹੇਗਾ।

ਬਲਭੱਦਰਃ—ਓਹ ਕੀ ਕਹਿੰਦਾ ਹੈ ?

ਦੇਵੀਃ—ਓਹ ਕਹਿੰਦਾ ਹੈ ਕਿ ਕਮਲਨੀ ਨੇ ਮੈਨੂੰ ਬਿਨਾਂ ਸੋਚੇ ਸਮਝੇ ਦੇ ਬਾਹਰ ਕਢ ਦਿਤਾ ਹੈ ਇਸਨੂੰ ਚਾਹੀਦਾ ਸੀ ਕਿ ਨਕਲੀ ਬਲਭੱਦਰ ਦ ਸਾਹਮਣੇ ਮੇਰਾ ਨਜਾਇਜ ਕਰਦੀ।

ਬਲਭੱਦ੍ਰਃ—ਨਕਲੀ ਬਲਭੱਦ੍ਰ ਕੌਣ ?

ਦੇਵੀਃ-ਓਹ ਤੁਹਾਨੂੰ ਨਕਲੀ ਬਲਭੱਦ੍ਰ ਸਿੰਘ ਆਖਦਾ ਹੈ ਅਰ ਓਹ ਕਹਿੰਦਾ ਹੈ ਕਿ ਅਸਲੀ ਬਲਭੱਦ੍ਰਸਿੰਘ ਅਜੇ ਤਕ ਇਕ ਥਾਂ ਕੈਦ ਹੈ ਜਿਸਨੂੰ ਸੰਦੇਹ ਹੋਵੇ ਓਹ ਮੇਰੇ ਨਾਲ ਪ੍ਰਸ਼ਨ ਉੱਤ੍ਰ ਕਰ ਲਵੇ।

ਬਲਭੱਦ੍ਰਃ-ਨਕਲੀ ਅਸਲੀ ਵਿਚ ਪ੍ਰਮਾਨ ਦੀ ਲੋੜ ਹੈ ਕਿ ਪ੍ਰਸ਼ਨ ਉੱਤ੍ਰ ਦੀ ?

ਦੇਵੀਃ-ਠੀਕ ਹੈ, ਪਰ ਓਹ ਤੁਹਾਨੂੰ ਸਦਦਾ ਹੈ ਅਰ ਕਹਿੰਦਾ ਹੈ ਕਿ ਬਲਭੱਦ੍ਰ ਸਿੰਘ ਆਕੇ ਮੇਰੀ ਗਲ ਸੁਣ ਜਾਵੇ ਫੇਰ ਜੋ ਮਰਜੀ ਹੈ ਕਰੇ।

ਬਲਭੱਦ੍ਰਃ-ਮਾਰੋ ਦੁਸ਼ਟ ਨੂੰ! ਮੈਨੂੰ ਕੀ ਲੋੜ ਹੈ ਜਾਣਦੀ।

ਦੇਵੀਃ-ਨਹੀਂ ਕੋਈ ਡਰ ਨਹੀਂ, ਦੋ ਗਲਾਂ ਸੁਣ ਲਵੋ ਸ਼ਾਇਦ ਕੋਈ ਨਵਾਂ ਭੇਤ ਨਿਕਲੇ।

ਬਲਭੱਦ੍ਰਃ-ਨਹੀਂ ਮੈਂ ਨਹੀਂ ਜਾਵਾਂਗਾ।

ਤੇਜਃ-ਤਾਂ ਭੂਤਨਾਥ ਨੂੰ ਹੀ ਏਥੇ ਸੱਦ ਲਵੋ।

ਕਮਲਨੀ-ਹਾਂ ਮੇਰੀ ਭੀ ਏਹੋ ਮਰਜ਼ੀ ਹੈ।

ਦੇਵੀਃ-ਚੰਗੀ ਗਲ ਹੈ ਇਹ ਕਹਿਕੇ ਦੇਵੀ ਸਿੰਘ ਨੇ ਤੇਜ ਸਿੰਘ ਨੂੰ ਕੋਈ ਗੁਪਤ ਸੈਨਤ ਕੀਤੀ।

ਬਲਭੱਦ੍ਰ-ਓਸਦਾ ਏਥੇ ਆਉਣਾ ਮੈਨੂੰ ਪਸੰਦ ਨਹੀਂ ਮੈਂ ਆਪ ਚਲਦਾ ਹਾਂ ਦੇਖਾਂ ਤਾਂ ਸਹੀ ਜੋ ਕੀ ਆਖਦਾ ਹੈ।

ਤੇਜਃ-ਚੰਗੀ ਗੱਲ ਹੈ ਆਪ ਭੈਰੋਂ ਸਿੰਘ ਨੂੰ ਨਾਲ ਲੈ ਜਾਓ।

ਬਲਭੱਦ੍ਰਃ-ਓਹ ਕਿਉਂ ?

ਦੇਵੀਃ-ਨ ਜਾਣੀਏਂ ਓਹ ਵਾਰ ਕਰ ਬੈਠੇ।

ਬਲਭੱਦ੍ਰ:—ਜੀ ਇਸ ਦੁਸ਼ਟ ਦਾ ਏਤਨਾ ਹੌਸਲਾ ਕਿਵੇ ਜੋ ਮੇਰਾ ਟਾਕਰਾ ਕਰੇ।

ਤੇਜ:—ਤਾਂ ਤੁਹਾਡਾ ਹਰਜ ਹੀ ਕੀ ਹੈ, ਜਾਹ ਭੈਰੋਂ ਸਿੰਘ ਤੂੰ ਨਾਲ ਜਾਹ।

ਲਾਚਾਰ ਹੋਕੇ ਭੈਰੋਂ ਸਿੰਘ ਨੂੰ ਨਾਲ ਲੈਕੇ ਬਲਭੱਦ੍ਰ ਸਿੰਘ ਨੂੰ ਜਾਣਾਂ ਹੀ ਪਿਆ, ਉਸਦੇ ਜਾਣਦੇ ਪਿਛੋਂ ਕਮਲਨੀ ਨੇ ਦੇਵੀ ਸਿੰਘ ਨੂੰ ਕਿਹਾ:—ਮਲੂਮ ਹੁੰਦਾ ਹੈ ਕਿ ਤੁਸਾਂ ਮੇਰੇ ਪਿਉ ਨੂੰ ਬਦੋ ਬਦੀ ਭੇਜਿਆ ਹੈ।

ਦੇਵੀ:—ਹਾਂ ਉਸਦਾ ਜਾਣਾਂ ਹੀ ਚੰਗਾ ਸੀ ਹੁਣ ਮੈਂ ਤੁਹਾਨੂੰ ਇਕ ਨਵੀਂ ਗਲ ਦਸਦਾ ਹਾਂ।

ਕਮਲਨੀ—(ਹੈਰਾਨ ਹੋਕੇ) ਕੀ ਭੂਤਨਾਥ ਨੇ ਕੋਈ ਨਵੀਂ ਗਲ ਦਸੀ ਹੈ ?

ਦੇਵੀ:—ਹਾਂ ਭੂਤਨਾਥ ਨੇ ਇਹ ਗਲ ਬੜੇ ਜ਼ੋਰ ਨਾਲ ਆਖੀ ਹੈ ਕਿ ਅਸਲੀ ਬਲਭੱਦ੍ਰ ਸਿੰਘ ਅਜੇ ਤਕ ਕੈਦ ਹਨ ਜੇ ਕਿਸੇ ਨੂੰ ਸੰਦੇਹ ਹੋਵੇ ਤਾਂ ਮੇਰੇ ਨਾਲ ਚਲੇ ਮੈਂ ਦਿਖਾ ਦੇਵਾਂਗਾ, ਉਸਨੇ ਬਲਭੱਦ੍ਰ ਸਿੰਘ ਦੀ ਇਕ ਮੂਰਤ ਬੀ ਮੈਨੂੰ ਦਿੱਤੀ ਹੈ ਅਰ ਕਿਹਾ ਹੈ ਕਿ ਇਨ੍ਹਾਂ ਤਿੰਨਾਂ ਭੈਣਾਂ ਨੂੰ ਦਿਖਾ ਕੇ ਪੁਛੋ ਕਿ ਅਸਲੀ ਬਲਭੱਦ੍ਰ ਸਿੰਘ ਕੌਣ ਹੈ ?

ਤਾਰਾ ਨੇ ਹਥ ਅਗੇ ਕਰਕੇ ਮੂਰਤ ਫੜ ਲਈ ਅਰ ਦੇਖਕੇ ਕਿਹਾ ਕਿ:—ਆਹਾ ! ਇਹ ਤਾਂ ਮੇਰੇ ਪਿਤਾ ਦੀ ਅਸਲੀ ਮੂਰਤ ਹੈ ਇਸਦੇ ਚੇਹਰੇ ਵਿਚ ਕੁਛ ਫਰਕ ਨਹੀਂ ਜੋ ਮੈਂ ਨਾ ਪਛਾਣ ਸਕਾਂ। (ਕਮਲਨੀ ਨੂੰ) ਲੈ ਭੈਣ ਤੂੰ ਭੀ ਦੇਖ, ਮੈਂ ਸਮਝਦਾ ਹਾਂ ਕਿ ਤੂੰ ਭੀ ਅਜੇ ਭੁਲੀ ਨਾ ਹੋਵੇਂਗੀ ?

ਕਮਲਨੀ-(ਮੂਰਤ ਦੇਖਕੇ) ਆਹਾ ਹਾਂ ! ਕੀ ਮੈਂ ਇਹ ਮੂਰਤ ਕਦੇ ਭੁੱਲ ਸਕਦੀ ਹਾਂ (ਦੇਵੀ ਸਿੰਘ ਨੂੰ) ਕੀ ਭੂਤਨਾਥ ਨੇ ਏਸ ਮੂਰਤ ਨੂੰ ਕੈਦਖਾਨੇ ਵਿਚ ਦੱਸਣ ਦਾ ਕਰਾਰ ਕੀਤਾ ਹੈ?

ਦੇਵੀਃ-ਹਾਂ ਏਸੇ ਸੂਰਤ ਨੂੰ !

ਕਮਲਨੀ-ਕੀ ਤੁਸਾਂ ਇਹ ਨਹੀਂ ਪੁਛਿਆ ਕਿ ਜੇ ਤੂੰ ਇਹ ਗਲ ਜਾਣਦਾ ਸੀ ਤਾਂ ਸਾਨੂੰ ਪਹਿਲਾਂ ਕਿਉਂ ਨਾ ਦਸਯਾ?

ਦੇਵੀਃ-ਇਕ ਏਹੋ ਹੀ ਨਹੀਂ ਮੈਂ ਹੋਰ ਭੀ ਬਹੁਤ ਸਾਰੀਆਂ ਗਲਾਂ ਉਸਤੋਂ ਪੁਛੀਆਂ ਹਨ।

ਤੇਜਾਃ-ਤੁਸੀ ਓਹ ਸਾਰੀਆਂ ਗਲਾਂ ਸੁਣਾਓ।

ਦੇਵੀ ਸਿੰਘ ਨੇ ਸਾਰੀਆਂ ਗਲਾਂ ਸੁਣਾਈਆਂ, ਵਾਰੀ ਵਾਰੀ ਓਹ ਮੂਰਤ ਸਭਨਾਂ ਨੇ ਦੇਖੀ, ਸਭੇ ਸੋਚਣ ਲਗ ਪਏ ਜੋ ਹੁਣ ਕੀ ਕਰਨਾ ਚਾਹੀਦਾ ਹੈ।

ਕਮਲਨੀ-(ਤਾਰਾ ਨੂੰ) ਭੈਣ ਇਸ ਗਲ ਤੇ ਤੂੰ ਸਾਥੋਂ ਵਧੀਕ ਸੋਚ ਸਕਦੀ ਹੈਂ, ਹਾਂ ਇਹ ਗਲ ਮੈਂ ਆਖ ਦੇਂਦੀ ਹਾਂ ਕਿ ਸਾਡੇ ਇਸ ਪਿਤਾ ਦੀ ਸੂਰਤ ਵਿਚ ਜੋ ਭੂਤਨਾਥ ਨੂੰ ਮਿਲਣ ਗਏ ਹਨ ਤੇ ਇਸ ਮੂਰਤ ਵਿਚ ਬਹੁਤ ਫਰਕ ਨਹੀਂ ਹੈ।

ਤਾਰਾ-ਮੈਂ ਕੀ ਦਸਾਂ ਅਕਲ ਕੁਛ ਕੰਮ ਨਹੀਂ ਕਰਦੀ, ਮੈਂ ਏਹਨਾਂ ਨੂੰ ਭੀ ਚੰਗੀ ਤਰਾਂ ਪਛਾਣਦੀ ਹਾਂ, ਇਸ ਮੂਰਤ ਨੂੰ ਜੋ ਸਾਡੇ ਤਿੰਨਾਂ ਵਿਚੋਂ ਦੇਖੇਗਾ ਸੋ ਕਹੇਗਾ ਕਿ ਇਹ ਅਸਲੀ ਮੂਰਤ ਹੈ ਤੇ ਇਨਾਂ ਨੂੰ ਕੱਲੀ ਮੈਂ ਹੀ ਪਛਾਣਦੀ ਹਾਂ, ਜਦੋਂ ਮੈਂ ਤੇ ਇਹ ਕਠੇ ਇਕੋ ਕੈਦਖਾਨੇ ਵਿਚ ਕੈਦ ਸਾਂ ਤਦ ਇਨਾਂ ਦੀ ਸੂਰਤ ਵਿਚ ਬਹੁਤ ਫਰਕ ਪੈਗਿਆ ਸੀ, (ਸੋਚ ਕੇ) ਹਾਂ ਮੈਨੂੰ ਇਕ ਬੜੀ ਪੁਰਾਣੀ ਗਲ ਚੇਤੇ ਆਗਈ ਹੈ ਓਹ ਬਹੁਤ ਭੇਦ

ਖੋਲੇਗੀ।

ਕਮਲਨੀ—ਓਹ ਕੀ ?

ਤਾਰਾ—ਤੈਨੂੰ ਯਾਦ ਹੋਵੇਗਾ ਕਿ ਜਦ ਅਸੀ ਡੇਟੀਆਂ ਨ ਸਾਂ ਤਾਂ ਇਕ ਵਾਰੀ ਲਾਡਲੀ ਨੂੰ ਬਹੁਤ ਹੀ ਤਾਪ ਚੜ੍ਹ ਗਿਆ ਸੀ ਤੇ ਸਰਸਾਮ ਹੋ ਗਿਆ ਸੀ ਉਸ ਵੇਲੇ ਲਾਡਲੀ ਨੇ ਮੋਢੇ ਤੇ ਦੰਦੀ ਵੱਢੀ ਸੀ ਜਿਸਦਾ ਤਕੜਾ ਨਿਸ਼ਾਨ ਪਿਤਾ ਜੀ ਦੇ ਮੋਢੇ ਤੇ ਹੋ ਗਿਆ ਸੀ।

ਕਮਲਨੀ—ਹਾਂ ਠੀਕ ਹੈ ਮੈਂ ਬਰਾਬਰ ਓਹ ਨਿਸ਼ਾਨ ਪਿਤਾ ਜੀ ਦੇ ਮੋਢੇ ਤੇ ਦੇਖਦੀ ਰਹੀ ਹਾਂ।

ਤਾਰਾ—ਓਹ ਬਾਲਪੁਣੇ ਦਾ ਸਮਾਂ ਹੀ ਅਨੋਖਾ ਸੀ, ਮੈਂ ਤੇ ਤੂੰ ਸਲਾਹ ਕੀਤੀ ਸੀ ਕਿ ਲਾਡਲੀ ਨੂੰ ਖੂਬ ਕੁਟਾਂਗੇ।

ਕਮਲਨੀ—ਹਾਂ ਤੇ ਇਹ ਗਲ ਸਾਡੀ ਮਾਂ ਨੂੰ ਮਲੂਮ ਹੋ ਗਈ ਸੀ ਤੇ ਉਸਨੇ ਸਮਝਾ ਬੁਝਾ ਕੇ ਹਟਾ ਦਿੱਤਾ ਸੀ।

ਤਾਰਾ ਦੀ ਇਸ ਗਲ ਤੋਂ ਕਮਲਨੀ ਤੇ ਲਾਡਲੀ ਨੂੰ ਨਿਸਚਾ ਹੋ ਗਿਆ ਕਿ ਤਾਰਾ ਸਚ ਮੁਚ ਲਛਮੀਦੇਵੀ ਹੈ ਪਰ ਬਲਭੱਦ੍ਰ ਸਿੰਘ ਵਲੋਂ ਸੰਦੇਹ ਰਿਹਾ ਅਰ ਸੋਚਣ ਲਗੀ ਕਿ ਹੁਣ ਓਹ ਬਾਹਰੋਂ ਆਵੇ ਤਾਂ ਮੋਢਾ ਦੇਖੀਏ ਅਰ ਇਸਦੇ ਪਿਛੋਂ ਕੋਈ ਆਦਮੀ ਭੂਤਨਾਥ ਦੇ ਨਾਲ ਜਾਕੇ ਕੈਦੀ ਨੂੰ ਦੇਖੇ ਸਗੋਂ ਜਿਸਤਰਾਂ ਹੋ ਸਕੇ ਛੁਡਾ ਲਿਆਵੇ।

ਏਨੇ ਨੂੰ ਤਲਾ ਦੇ ਬਾਹਰੋਂ ਰੌਲੇ ਦੀ ਅਵਾਜ਼ ਸੁਣਕੇ ਤੇਜ ਸਿੰਘ ਨੇ ਤਾਰਾ ਸਿੰਘ ਨੂੰ ਬਾਹਰ ਦੇਖਣ ਲਈ ਭੇਜਿਆ ਤਾਰਾ ਸਿੰਘ ਨੇ ਆਕੇ ਦਸਿਆ ਕਿ ਭੂਤਨਾਥ ਤੇ ਬਲਭੱਦ੍ਰ ਸਿੰਘ ਦੀ ਲੜਾਈ ਹੋ ਰਹੀ ਹੈ।

ਇਹ ਸੁਣਦਿਆਂ ਹੀ ਇਹ ਸਭੇ ਉੱਠਕੇ ਬਾਹਰ ਆ ਗਏ ਵੇਖਿਆ ਕਿ ਸਚ ਮੁਚ ਦੋਵੇਂ ਲੜ ਰਹੇ ਹਨ ਅਰ ਭੈਰੋਂ ਸਿੰਘ ਪਰੇ ਖੜਾ ਤਮਾਸ਼ਾ ਵੇਖ ਰਿਹਾ ਹੈ। ਭੂਤਨਾਥ ਤੇ ਬਲਭੱਦ੍ਰ ਸਿੰਘ ਦੀ ਲੜਾਈ ਤੇਜ ਸਿੰਘ ਅਗੇ ਵੇਖ ਚੁਕਾ ਸੀ ਓਹ ਜਾਣਦਾ ਸੀ ਕਿ ਬਲਭੱਦ੍ਰ ਸਿੰਘ ਭੂਤਨਾਥ ਤੋਂ ਤਕੜਾ ਹੈ ਪਰ ਇਸ ਵੇਲੇ ਜਿਸ ਬਹਾਦਰੀ ਨਾਲ ਭੂਤਨਾਥ ਲੜ ਰਿਹਾ ਸੀ ਉਸਨੂੰ ਵੇਖਕੇ ਓਹ ਹੈਰਾਨ ਹੋਗਏ ਅਰ ਉਸਨੇ ਤਾਰਾ ਸਿੰਘ ਵਲ ਵੇਖਕੇ ਕਿਹਾ:—ਐਸ ਵੇਲੇ ਭੂਤਨਾਥ ਬੜੀ ਬਹਾਦਰੀ ਨਾਲ ਲੜ ਰਿਹਾ ਹੈ ਪਰ ਭੈਰੋਂ ਸਿੰਘ ਪਰੇ ਖਲੋਤਾ ਕਿਉਂ ਤਮਾਸ਼ਾ ਵੇਖਦਾ ਹੈ ?

ਦੇਵੀ:—ਏਹਨਾਂ ਨੂੰ ਹਟਾ ਦੇਣਾ ਚਾਹੀਦਾ ਹੈ ਪਰ ਬੇੜੀ ਤਾਂ ਇਕੋ ਹੈ ਸੋ ਪਾਰ ਗਈ ਹੋਈ ਹੈ।

ਕਮਲਨੀ—ਠਹਿਰੋ ਮੈਂ ਬੇੜੀ ਲਿਆਉਂਦੀ ਹਾਂ ਏਥੇ ਬੇੜੀਆਂ ਦਾ ਘਾਟਾ ਨਹੀਂ। ਇਹ ਕਹਿਕੇ ਕਮਲਨੀ ਅੰਦਰ ਚਲੀ ਗਈ ਅਰ ਥੋੜੇ ਚਿਰ ਪਿਛੋਂ ਇਕ ਮੋਟੇ ਕਪੜੇ ਦੀ ਤੋਸ਼ਕ ਚੁਕ ਲਿਆਈ ਜਿਸ ਵਿਚ ਭੂਕ ਭਰਨ ਲਈ ਇਕ ਪਾਸੇ ਮੋਨੇ ਦਾਮੂੰਹ ਪੇਚਦਾਰ ਬਣਿਆ ਹੋਯਾ ਸੀ ਤੇ ਨਾਲ ਇਕ ਫੂਕਣੀ ਸੀ ਤੇਜ ਸਿੰਘ ਨੇ ਝਟ ਪਟ ਹਵਾ ਭਰਕੇ ਬੇੜੀ ਬਨਾ ਲਈ ਤੇ ਦੇਵੀ ਸਿੰਘ ਨੂੰ ਨਾਲ ਲੈਕੇ ਬੇੜੀ ਤੇ ਬੈਠਕੇ ਪਾਰ ਜਾ ਪਹੁੰਚੇ। ਪਾਰ ਜਾਕੇ ਏਨਾਂ ਨੇ ਵੇਖਿਆ ਕਿ ਦੋਹਾਂ ਦੇ ਹਥਜਾਰ ਭੈਰੋਂ ਸਿੰਘ ਪਾਸ ਹਨ ਤੇ ਦੋਵੇਂ ਬਿਨਾਂ ਹਥਜਾਰਾਂ ਤੋਂ ਕੁਸ਼ਤੀ ਕਰ ਰਹੇ ਹਨ। ਤੇਜ ਸਿੰਘ ਨੇ ਬਲਭੱਦ੍ਰ ਸਿੰਘ ਨੂੰ ਤੇ ਦੇਵੀ ਸਿੰਘ ਨੇ ਭੂਤਨਾਥ ਨੂੰ ਫੜਕੇ ਹਟਾ ਦਿਤਾ।

ਬਲਭੱਦ:-ਏਸ ਕੁਮੀਨੇ ਨੂੰ ਏਤਨਾ ਪਾਪ ਕਰਨ ਤੇ ਭੀ ਸ਼ਰਮ ਨਹੀਂ ਆਉਂਦੀ। ਚਪਣੀ ਵਿਚ ਪਾਣੀ ਪਾਕੇ ਡੁਬ ਨਹੀਂ ਮਰਦਾ।

ਭੂਤ:-ਮੈਂ ਸੌਂਹ ਖਾਕੇ ਕਹਿੰਦਾ ਹਾਂ ਕਿ ਇਹ ਅਸਲੀ ਬਲਭੱਦ੍ਰਸਿੰਘ ਨਹੀਂ ਹੈ ਅਰ ਓਹ ਏਸੇ ਹਰਾਮੀ ਦੇ ਪਿਛੇ ਕੈਦ ਖਾਨੇ ਵਿਚ ਹੈ ਜਿਸਦਾ ਜੀ ਚਾਹੇ ਮੇਰੇ ਨਾਲ ਚਲਕੇ ਦੇਖ ਲਵੇ ਮੈਂ ਦਿਖਾਉਣ ਨੂੰ ਤਿਆਰ ਹਾਂ।

ਬਲਭੱਦ:-ਨਾਲ ਹੀ ਇਹ ਭੀ ਕਿੰਓ ਨਹੀਂ ਕਹਿ ਦੇਂਦਾ ਕਿ ਇਹ ਚਿਠੀਆਂ ਭੀ ਮੇਰੇ ਹਥ ਦੀਆਂ ਲਿਖੀਆਂ ਹੋਈਆਂ ਨਹੀਂ ਹਨ।

ਭੂਤ:-ਤੇਰੇ ਹਥ ਦੀਆਂ ਲਿਖੀਆਂ ਹੋਈਆਂ ਚਿਠੀਆਂ ਮੇਰੇ ਪਾਸ ਹਨ ਜਿਨਾਂ ਦੇ ਕਾਰਨ ਵਿਚਾਰਾ ਬਲਭਦ੍ਰ ਸਿੰਘ ਅਜੇ ਤਕ ਕੈਦ ਹੈ ਇਹ ਕਹਿਕੇ ਭੂਤਨਾਥ ਨੇ ਆਪਣਾ ਏਯਾਰੀ ਦਾ ਬਟੂਆ ਲੈਣ ਲਈ ਭੈਰੋਂ ਸਿੰਘ ਵਲ ਹਥ ਕੀਤਾ।

ਤੀਸਰਾ ਕਾਂਡ

ਜਦ ਭੂਤਨਾਥਨੇ ਭੈਰੋਂ ਸਿੰਘ ਪਾਸੋਂ ਏਯਾਰੀ ਦਾ ਬਟੂਆ ਲਿਆ ਤਾਂ ਸਭਨਾਂ ਨੇ ਸਮਝਿਆ ਕਿ ਇਹ ਬਲਭੱਦ੍ਰ ਸਿੰਘ ਨੂੰ ਦੋਸੀ ਸਿੱਧ ਕਰੇਗਾ ਪਰ ਬਟੂਆ ਲੈਕੇ ਓਹ ਕੁਛ ਸੋਚੀਂ ਪੈਗਿਆ ਫੇਰ ਤੇਜ ਸਿੰਘ ਵਲ ਦੇਖਕੇ ਬੋਲਿਆ:-ਨਹੀਂ ਮੈਂ ਇਸ ਵੇਲੇ ਓਹ ਚਿਠੀਆਂ ਨਹੀਂ ਦਿਖਾਵਾਂਗਾ ਕਿਉਂਕਿ ਇਹ ਝਟ ਮੁਕਰ ਜਾਵੇਗਾ ਅਰ ਆਪ ਲੋਕਾਂ ਨੇ ਕਦੇ ਏਸਦੇ ਹਥ ਦੀ ਲਿਖਤ ਦੇਖੀ ਹੀ ਨਹੀਂ।

ਬਲਭੱਦ:—ਨਹੀਂ ਨਹੀਂ ਮੈਂ ਕਦੇ ਨਹੀਂ ਮੁਕਰਾਂਗਾ ਤੂੰ ਕੋਈ ਚਿਠੀ ਕੱਢ ਤਾਂ ਸਹੀ।

ਭੂਤ:—ਹਾਂ ਹਾਂ ਮੈਂ ਚਿਠੀਆਂ ਕਢਾਂਗਾ ਪਰ ਹੁਣ ਮੈਂ ਏਹ ਸੋਚਦਾ ਹਾਂ ਕਿ ਇਸਤਰਾਂ ਦੀ ਸਿਰ ਖਪਾਈ ਪਾਸੋਂ ਬਲਭੱਦ੍ਰ ਸਿੰਘ ਨੂੰ ਅਖੀਂ ਵਿਖਾ ਦੇਣਾ ਠੀਕ ਹੋਵੇਗਾ ਸੋ ਚਲੋ ਕੌਣ ਮੇਰੇ ਨਾਲ ਚਲਣ ਨੂੰ ਤਿਆਰ ਹੈ ?

ਤੇਜ:—ਏਸਦਾ ਨਿਰਨਾ ਕਮਲਨੀ ਕਰੇਗੀ ਜਾਂ ਲਛਮੀ ਦੇਵੀ ਮੈਂ ਤੁਹਾਨੂੰ ਫੇਰ ਏਸ ਮਕਾਨ ਦੇ ਅੰਦਰ ਜਾਣਦੀ ਆਗਿਆ ਦੇਂਦਾ ਹਾਂ ਪਰ ਦੇਖੋ ਭੂਤਨਾਥ ਤੁਸੀਂ ਅਗੇ ਬਹੁਤ ਅਪਰਾਧ ਕਰ ਚੁਕੇ ਹੋ ਅਤ ਤੁਸੀਂ ਆਪਣੇ ਹਥਦੀਆਂ ਲਿਖੀਆਂ ਚਿਠੀਆਂ ਤੋਂ ਮੁਕਰ ਨਹੀਂ ਸਕਦੇ ਪਰ ਹੁਣ ਮੈਂ ਦੇਖਦਾ ਹਾਂ ਕਿ ਤੂੰ ਕੋਈ ਨਵਾਂ ਪਾਪ ਕਰਨਾ ਚਾਹੁੰਦਾ ਹੈਂ। ਇਹ ਕਹਿਕੇ ਤੇਜ ਸਿੰਘ ਨੇ ਬਲਭੱਦ ਸਿੰਘ ਦਾ ਹਥ ਫੜ ਲਿਆ ਅਰ ਤੁਰ ਪਿਆ ਦੇਵੀ ਸਿੰਘ ਤੇ ਭੈਰੋਂ ਸਿੰਘ ਨੂੰ ਕਹਿ ਗਿਆ ਕਿ ਜਦ ਅਸੀਂ ਮਕਾਨ ਦੇ ਅੰਦਰ ਜਾਕੇ ਭੂਤਨਾਥ ਨੂੰ ਸੱਦ ਭੇਜਾਂਗੇ ਤੁਸਾਂ ਝਟ ਪਟ ਲੈ ਆਉਣਾ। ਬਲਭੱਦ੍ਰ ਸਿੰਘ ਨੂੰ ਨਾਲ ਲੈਕੇ ਤੇਜ ਸਿੰਘ ਮਕਾਨ ਦੇ ਅੰਦਰ ਚਲਾ ਗਿਆ ਅਰ ਜਾਕੇ ਕਮਲਨੀ, ਤਾਰਾ ਕਿਸ਼ੋਰੀ ਲਾਡਲੀ ਨੂੰ ਸਭ ਹਾਲ ਸੁਣਾਇਆ।

ਤਾਰਾ—ਇਸ ਵਿਚ ਕੋਈ ਸੰਦੇਹ ਨਹੀਂ ਕਿ ਭੂਤਨਾਥ ਬੜਾ ਭਾਰਾ ਬੇਈਮਾਨ ਝੂਠਾ ਤੇ ਪਾਪੀ ਹੈ।

ਤੇਜ:—ਠੀਕ ਹੈ ਪਰ ਹੁਣ ਸਾਨੂੰ ਪਹਿਲਾਂ ਓਸ ਨਿਸ਼ਾਨੀ ਵਲ ਧਿਆਨ ਦੇਣਾ ਚਾਹੀਦਾ ਹੈ ਜੋ ਤੂੰ ਦਸੀ ਹੈ।

ਕਮਲਨੀ:—ਠੀਕਹੈ, (ਬਲਭੱਦ੍ਰ ਸਿੰਘ ਨੂੰ) ਆਪ ਬੜੇ

ਸੁਸਤ ਹੋ ਰਹੇ ਹੋ ਪਿੰਡਾ ਮੁੜਕੇ ਨਾਲ ਭਿਜਾ ਪਿਆ ਹੈ, ਕਜ਼ਤਾ ਲਾਹ ਸੁਟੋ।

ਬਲਭੱਦ੍ਰ—ਮੈਂ ਭੀ ਏਹੋ ਚਾਹੁੰਦਾ ਹਾਂ। ਇਹ ਕਹਿਕੇ ਬਲਭੱਦ੍ਰ ਸਿੰਘ ਨੇ ਕੁੜਤਾ ਲਾਹ ਸੁਟਿਆ ਉਸ ਵੇਲੇ ਸਭਨਾਂ ਦਾ ਧਿਆਨ ਓਸਦੇ ਮੋਢੇ ਵਲ ਗਿਆ ਅਤੇ ਸਭਨਾਂ ਨੇ ਉਸ ਨਿਸ਼ਾਨ ਨੂੰ ਚੰਗੀ ਤਰਾਂ ਵੇਖਿਆ ਜੋ ਤਾਰਾ ਨੇ ਦਸਿਆ ਸੀ।

ਕਮਲਨੀ:—(ਬੜੀ ਪ੍ਰਸੰਨਤਾ ਨਾਲ ਬਲਭੱਦ੍ਰ ਸਿੰਘ ਦਾ ਗਲ ਫੜਕੇ) ਦੇਖ ਭੈਣ ਇਹ ਪੁਰਾਣਾ ਨਿਸ਼ਾਨ ਅਜੇ ਤਕ ਹੈ ਕੀ ਅਜੇਹੀ ਦਸ਼ਾ ਵਿਚ ਕੋਈ ਮੈਨੂੰ ਧੋਖਾ ਦੇ ਸਕਦਾ ਹੈ? ਕਦੇ ਨਹੀਂ! ਕਦੇ ਨਹੀਂ!!

ਬਲਭੱਦ:—(ਹੱਸਕੇ) ਏਸ ਨਿਸ਼ਾਨ ਨੂੰ ਤਾਂ ਲਾਡਲੀ ਚੰਗੀ ਤਰਾਂ ਪਛਾਣਦੀ ਹੋਵੇਗੀ ਏਸੇ ਨੇ ਤਾਪ ਵਿਚ ਦੰਦੀ ਵਢੀ ਸੀ (ਹਾਉਕਾ ਭਰਕੇ) ਸ਼ੋਕ ਅਤ ਦੇ ਤੇ ਓਦੋਂ ਦੇ ਸਮੇਂ ਵਿਚ ਕਿੰਨਾ ਫਰਕ ਹੈ।

ਬਲਭੱਦ੍ਰ ਸਿੰਘ ਦੇ ਮੋਢੇ ਦਾ ਨਿਸ਼ਾਨ ਦੇਖਕੇ ਕਮਲਨੀ ਲਾਡਲੀ ਤੇ ਲਛਮੀ ਦੇਵੀ ਦਾ ਸੰਦੇਹ ਉੱਕਾ ਹੀ ਹਟ ਗਿਆ। ਇਸਦੇ ਨਾਲ ਹੀ ਏਨਾਂਨੂੰ ਭੀ ਨਿਸਚਾ ਹੋਗਿਆ ਕਿ ਇਹ ਠੀਕ ਇਨਾਂ ਤਿੰਨਾਂ ਦਾ ਪਿਓ ਹੈ ਭੂਤਨਾਥ ਆਪਣੀ ਚਲਾਕੀ ਨਾਲ ਸਾਨੂੰ ਧੋਖਾ ਦੇਣਾ ਚਾਹੁੰਦਾ ਹੈ।

ਕੁਛ ਚਿਰ ਤਕ ਪਿਓ ਤੇ ਧੀਆਂ ਦੀਆਂ ਪ੍ਰੇਮ ਭਰੀਆਂ ਗਲਾਂ ਹੁੰਦੀਆਂ ਰਹੀਆਂ ਫੇਰ ਇਹ ਵਿਚਾਰ ਹੋਣ ਲਗੀ ਕਿ ਹੁਣ ਭੂਤ ਨਾਥ ਨਾਲ ਕੀ ਵਰਤਾਉ ਕਰਨਾ ਚਾਹੀਦਾ ਹੈ। ਬਹੁਤ ਸੋਚ ਵਿਚਾਰ ਦੇ ਪਿਛੋਂ ਇਹ ਨੀਯਤ ਹੋਇਆ ਕਿ ਇਸਨੂੰ ਕੈਦ

ਕਰਕੇ ਰੋਹਤਾਸ ਗੜ੍ਹ ਭੇਜ ਦੇਣਾ ਚਾਹੀਦਾ ਹੈ ਫੇਰ ਇਸਦੇ ਅਪਰਾਧਾਂ ਦੀ ਖੋਜ ਕਰਕੇ ਨਯਾਇ ਕੀਤਾ ਜਾਵੇਗਾ । ਹਾਂ ਹੁਣ ਉਸ ਮੁਠੇ ਨੂੰ ਪੜ੍ਹ ਲੈਣਾ ਚਾਹੀਦਾ ਹੈ ਜਿਸ ਨਾਲ ਭੂਤਨਾਥ ਦੀਆਂ ਬਦਮਾਸ਼ੀਆਂ ਦਾ ਪੂਰਾ ਪਤਾ ਲਗ ਜਾਵੇ ਇਸਤੋਂ ਵੇਹਲੇ ਹੋਕੇ ਕਮਲਨੀ, ਲਾਡਲੀ, ਲਛਮੀ ਦੇਵੀ ਕਿਸ਼ੋਰੀ, ਕਮਲਨੀ ਨੂੰ ਰੋਹਤਾਸ ਗੜ੍ਹ ਚਲਕੇ ਅਰਾਮ ਕਰਨਾ ਚਾਹੀਦਾ ਹੈ ।

ਤੇਜ ਸਿੰਘ ਨੇ ਕਮਰਿਓਂ ਬਾਹਰ ਆਕੇ ਜਫੀਲ ਬੁਲਾਈ ਜਿਸ ਨੂੰ ਸੁਣਕੇ ਛੇਰੋਂ ਸਿੰਘ ਤੇ ਦੇਵੀ ਸਿੰਘ ਓਸ ਪਾਸੇ ਤੱਕੇ ਤਾਂ ਤੇਜ ਸਿੰਘ ਨੇ ਕੁਛ ਸੈਨਤ ਕੀਤੀ ਜਿਸਤੋਂ ਦੋਵੇਂ ਏਯਾਰ ਸਮਝ ਗਏ ਕਿ ਭੂਤਨਾਥ ਨੂੰ ਕੈਦੀਆਂ ਵਾਂਗ ਬੰਨਕੇ ਲੈ ਚਲਣ ਦੀ ਆਗਜਾ ਹੋਈ ਹੈ, ਦੇਵੀ ਸਿੰਘ ਨੇ ਇਹ ਗੱਲ ਭੂਤ ਨਾਥ ਨੂੰ ਕਹੀ, ਭੂਤਨਾਥ ਸੁਣਕੇ ਕੁਛ ਸੋਚਣ ਲਗ ਪਿਆ ਫੇਰ ਹਥਕੜੀ ਪੁਵਾਉਣ ਲਈ ਦੋਵੇਂ ਹੱਥ ਅੱਗੇ ਕਰ ਦਿਤੇ, ਦੇਵੀ ਸਿੰਘ ਨੇ ਓਸਨੂੰ ਹਥਕੜੀ ਬੇੜੀ ਪਾਕੇ ਬੇੜੀ ਵਿਚ ਚੜ੍ਹਾ ਦਿਤਾ ਦੋਵੇਂ ਏਯਾਰ ਬੇੜੀ ਮਕਾਨ ਦੇ ਅੰਦਰ ਲੈ ਗਏ, ਅੰਦਰ ਆਕੇ ਭੂਤਨਾਥ ਦੀ ਨਜ਼ਰ ਫੇਰ ਜਿਸ ਵੇਲੇ ਉਸ ਕਾਗਤ ਦੇ ਮੁਠੇ ਅਰ ਸੰਦੂਕੜੀ ਤੇ ਪਈ ਤਾਂ ਓਸਦਾ ਰੰਗ ਪੀਲਾ ਪੈਗਿਆ ।

ਤੇਜ:—ਭੂਤਨਾਥ ਹੁਣ ਤੇਰਾ ਸਾਰਾ ਅਪਰਾਧ ਸਾਨੂੰ ਮਲੂਮ ਹੋਗਿਆ ਹੈ ਭਾਵੇਂ ਏਹ ਕਾਗਤਾਂ ਦਾ ਮੁਠਾ ਸਾਰਾ ਨਹੀਂ ਪੜ੍ਹਿਆ ਗਿਆ ਕੁਲ ਚਾਰ ਪੰਜ ਚਿਠੀਆਂ ਪੜ੍ਹੀਆਂ ਹਨ ਪਰ ਏਤਨੇ ਨਾਲ ਹੀ ਸਭਨਾਂ ਦਾ ਕਲੇਜਾ ਕੰਬ ਗਿਆ ਹੈ । ਸਚ ਮੁਚ ਤੈਨੂੰ ਬੜਾ ਭਾਰਾ ਦੰਡ ਮਿਲਨਾ ਚਾਹੀਦਾ ਹੈ ਸੋ ਹੁਣ ਤੈਨੂੰ ਕੈਦ ਕਰਨ ਦੀ ਆਗਜਾ ਦਿਤੀ ਜਾਂਦੀ ਹੈ ਫੇਰ ਜੋ ਹੋ ਗਾ ਸੋ ਦੇਖਜਾ ਜਾਵੇਗਾ ।

ਭੂਤ:-(ਸੋਚਕੇ)ਮਲੂੰਮ ਹੁੰਦਾ ਹੈ ਕਿ ਮੇਰੀ ਗਲ ਤੇ ਕਿਸੇ ਨੇ ਧਿਆਨ ਨਹੀਂ ਕੀਤਾ ਅਰ ਬਲਭੱਦ੍ਰ ਸਿੰਘ ਨੂੰ ਸਚਾ ਸਮਝ ਲਿਆ ਹੈ।

ਤੇਜ:-ਬੇਸ਼ਕ ਬਲਭੱਦ੍ਰ ਸਿੰਘ ਜੀ ਸਚੇ ਹਨ ਇਸ ਵਿਸ਼ੇ ਤੇ ਹੋਰ ਸਾਨੂੰ ਧੋਖਾ ਦੇਣਦਾ ਯਤਨ ਨ ਕਰੋ ਹਾਂ ਜੇ ਕੁਛ ਕਹਿਣਾ ਹੈ ਤਾਂ ਇਨਾਂ ਚਿਠੀਆਂ ਵਲੋਂ ਕਹੋ ਜੋ ਤੁਹਾਡਾ ਦੋਸ਼ ਸਿੱਧ ਕਰ ਰਹੀਆਂ ਹਨ।

ਭੂਤ:-ਹਾਂ ਉਨਾਂ ਚਿਠੀਆਂ ਵਲੋਂ ਭੀ ਬਹੁਤ ਕੁਛ ਕਰਾਂਗਾ ਪ੍ਰੰਤੂ ਮੈਂ ਆਪ ਲੋਕਾਂ ਦੇ ਸਾਹਮਣੇ ਕਹਿਣਾ ਉਚਿਤ ਨਹੀਂ ਸਮਝਦਾ ਕਿੰਓਕਿ ਆਪ ਮੇਰਾ ਨਜਾਇ ਨਹੀਂ ਕਰ ਸਕਦੇ।

ਤੇਜ:-ਓਹ ਕਿੰਓ ? ਕੀ ਅਸੀਂ ਤੈਨੂੰ ਦੰਡ ਨਹੀਂ ਦੇ ਸਕਦੇ ?

ਭੂਤ:-ਜੇ ਧਰਮ ਦੀ ਲਕੀਰ ਨੂੰ ਉਲੰਘਣ ਤੋਂ ਕੁਛ ਭੀ ਸੰਕੋਚ ਕਰ ਸਕਦੇ ਹੋ ਤਾਂ ਮੇਰਾ ਕਹਿਣਾ ਠੀਕ ਹੈ। ਕਿੰਓਕਿ ਤੁਹਾਡੇ ਮਾਲਕ ਰਾਜਾ ਬੀਰੇਂਦ੍ਰ ਸਿੰਘ ਮੇਰੇ ਪਿਛਲੇ ਅਪਾਧ ਖਿਮਾ ਕਰ ਚੁਕੇ ਹਨ, ਅਰ ਹੋਰ ਰਾਜਾ ਬੀਰੇਂਦ੍ਰ ਸਿੰਘ ਦਾ ਜੋ ਜੋ ਕੰਮ ਮੈਂ ਕਰ ਚੁਕਾ ਹਾਂ ਤੇ ਕਰ ਰਿਹਾ ਹਾਂ, ਇਸਨੂੰ ਭੀ ਓਹੋ ਦੇਖ ਸਕਦੇ ਹਨ, ਏਸੇ ਲਈ ਮੈਂ ਕਹਿੰਦਾ ਹਾਂ ਕਿ ਮਾਲਕ ਤੋਂ ਬਿਨਾਂ ਮੇਰਾ ਮੁਕੱਦਮਾ ਕੋਈ ਨਹੀਂ ਸੁਣ ਸਕਦਾ।

ਤੇਜ:-(ਕੁਛ ਸੋਚਕੇ) ਹਛਾ ਜੋ ਤੁਸੀਂ ਚਾਹੁੰਦੇ ਸੋ ਕੀਤਾ ਜਾਵੇਗਾ ਪਰ ਅਪਾਧੀ ਨੂੰ ਫੜਨਾ ਤੇ ਕੈਦ ਕਰਨਾਂ ਤਾਂ ਸਾਡਾ ਕੰਮ ਹੈ।

ਭੂਤ:-ਠੀਕ ਹੈ ਪਰ ਕੈਦ ਕਰਕੇ ਜਿਥੋਂ ਤਕ ਹੋ ਸਕੇ

ਛੇਤੀ ਮਾਲਕ ਦੇ ਪਾਸ ਪੁਚਾਉਣਾਂ ਭੀ ਤਾਂ ਤੁਹਾਡਾ ਕੰਮ ਹੈ ਪਰ ਕੈਦ ਕਰਕੇ ਬਹੁਤ ਚਿਰ ਤਕ ਦੁਖ ਦੇਣਾ ਆਪਦਾ ਕੰਮ ਨਹੀਂ ਹੈ ਕਿਉਂਕਿ ਸ਼ਾਇਦ ਓਹ ਨਿਰਦੋਖ ਹੋਵੇ।

ਤੇਜ:-ਕੀ ਤੁਸੀਂ ਆਪਣੇ ਆਪਨੂੰ ਨਿਰਦੋਸ਼ ਸਿੱਧ ਕਰਨ ਦਾ ਯਤਨ ਕਰੋਗੇ ?

ਭੂਤ:-ਬੇਸ਼ਕ ਮੈਂ ਨਿਰਦੋਸ਼ ਹਾਂ ਸਗੋਂ ਇਨਾਮ ਲੈਣ ਦੇ ਯੋਗ ਹਾਂ, ਪ੍ਰੰਤੂ ਆਪ ਲੋਕਾਂ ਦੇ ਸਾਹਮਣੇ ਜਿਨ੍ਹਾਂ ਤੇ ਅਕਲ ਦਾ ਪ੍ਰਛਾਵਾਂ ਤਕ ਨਹੀਂ ਪਿਆ ਮੈਂ ਕੁਛ ਨਹੀਂ ਕਹਾਂਗਾ, ਤੁਸਾਂ ਇਹ ਸਮਝ ਲੈਣਾ ਕਿ ਮੈਂ ਨਿਰਾ ਏਤਨੀ ਗੱਲ ਤੇ ਆਪਣਾ ਆਪ ਛੁਡਾਂ ਲਵਾਂਗਾ ਕਿ ਮਹਾਰਾਜਨੇ ਮੇਰਾ ਦੋਸ਼ ਖਿਮਾ ਕਰ ਦਿਤਾ ਹੈ, ਸਗੋਂ ਮੇਰਾ ਮੁਕੱਦਮਾ ਕੋਈ ਅਨੋਖਾ ਹੀ ਰੰਗ ਜਮਾਕੇ ਮੇਰੀ ਥਾਂ ਕਿਸੇ ਹੋਰ ਨੂੰ ਕੈਦਖਾਨੇ ਦੀ ਹਵਾ ਖੁਵਾਏਗਾ।

ਤੇਜ:-ਹਛਾ ਮੈਂ ਭੀ ਤੈਨੂੰ ਬਹੁਤ ਛੇਤੀ ਮਹਾਰਾਜ ਬੀਰੇਂਦ੍ਰ ਸਿੰਘ ਦੇ ਸਾਹਮਣੇ ਕਰਨ ਦਾ ਯਤਨ ਕਰਾਂਗਾ।

ਇਹ ਕਹਿਕੇ ਤੇਜ ਸਿੰਘ ਨੇ ਦੇਵੀ ਸਿੰਘ ਵਲ ਦੇਖਿਆ ਅਰ ਦੇਵੀ ਸਿੰਘ ਨੇ ਭੂਤਨਾਥ ਨੂੰ ਲੈਜਾਕੇ ਕੋਠੜੀ ਵਿਚ ਕੈਦ ਕਰ ਦਿਤਾ।

ਇਸ ਕੰਮ ਤੋਂ ਵੇਹਲੇ ਹੋਕੇ ਤੇਜਸਿੰਘ ਨੇ ਆਖਿਆ ਕਿ ਕਿਸੇ ਏਯਾਰ ਦੇ ਨਾਲ ਭੂਤਨਾਥ ਤੇ ਮਗਵਾਨੀ ਨੂੰ ਰੋਹਤਾਸ ਗੜ੍ਹ ਭੇਜ ਦੇਈਏ ਤੇ ਫੇਰ ਉਸ ਕਾਗਤ ਦੇ ਮੁਠੇ ਨੂੰ ਪੜ੍ਹੀਏ ਪਰ ਓਸਨੂੰ ਛੇਤੀ ਹੀ ਪਤਾ ਲੱਗ ਗਿਆ ਕਿ ਜਦ ਤਕ ਇਹ ਕਾਗਤਾਂ ਦਾ ਮੁਠਾ ਨ ਪੜ੍ਹਿਆ ਜਾਵੇਗਾ ਤਦ ਤਕ ਕੋਈ ਏਯਾਰ ਖੁਸ਼ੀ ਨਾਲ ਰੋਹਤਾਸ ਗੜ੍ਹ ਜਾਣਾ ਪ੍ਰਵਾਨ ਨਹੀਂ

ਕਰੇਗਾ, ਸੋ ਤੇਜ ਸਿੰਘ ਦੀ ਏਹੋ ਮਰਜੀ ਹੋਈ ਕਿ ਹੁਣ ਸਭੇ ਹੀ ਰੋਹਤਾਸ ਗੜ੍ਹ ਚਲੇ ਚਲੀਏ ਅਰ ਜੋ ਕੁਛ ਹੋਣਾ ਹੋਵੇ ਓਥੇ ਹੀ ਹੋਵੇ, ਅੰਤ ਨੂੰ ਸਭ ਨੂੰ ਤੇਜ ਸਿੰਘ ਦੀ ਆਗਯਾ ਮੰਨਣੀ ਪਈ ਅਰਥਾਤ ਸਭੇ ਰੋਹਤਾਸ ਗੜ੍ਹ ਚਲੇ ਗਏ।

ਦੋਹਾ. ਛੰਦ

ਨਾਨਕ ਨੂੰ ਤਾਂ ਅਸਾਂ ਐਉਂ ਭੁਲਾ ਦਿਤਾ ਹੈ ਜਿਵੇਂ ਅਮੀਰ ਲੋਕ ਕਿਸ ਨੂੰ ਕੁਛ ਦੇਣ ਦਾ ਇਕਰਾਰ ਕਰਕੇ ਭੁਲ ਜਾਂਦੇ ਹਨ, ਅੱਜ ਅਚਾਨਕ ਨਾਨਕ ਯਾਦ ਆ ਗਿਆ ਹੈ ਅਚਾਨਕ ਭੀ ਕਾਹਦਾ ਸਗੋਂ ਸਚੀ ਗੱਲ ਇਹ ਹੈ ਕਿ ਲੋੜ ਆ ਪੈਣ ਨਾਲ ਨਾਨਕ ਯਾਦ ਗਿਆ ਹੈ।

ਜਮਾਨੀਆਂ ਤੋਂ ਨਸੇ ਹੋਏ ਸ੍ਵਾਰਥੀ ਨਾਨਕ ਨੇ ਬਹੁਤ ਦੂਰ ਜਾਕੇ ਡੇਰਾ ਲਾ ਲਿਆ, ਏਹੋ ਕਾਰਨ ਹੈ ਕਿ ਅਜ ਖਿਥਲੇਸ਼ ਦੇ ਰਾਜ ਵਿਚ ਇਕ ਛੋਟੇ ਜੇਹੇ ਸ਼ਹਿਰ ਦੇ ਇਕ ਸਾਧਾਰਨ ਮਹੱਲੇ ਵਿਚ ਮੰਗਵਾਂ ਮਕਾਨ ਲੈਕੇ ਨਾਨਕ ਨੂੰ ਰਹਿੰਦਾ ਦੇਖਦੇ ਹਾਂ। ਭਾਵੇਂ ਇਹ ਸ਼ਹਿਰ ਛੋਟਾ ਜੇਹਾ ਹੈ ਪਰ ਦੇ ਤਿੰਨ ਪੜ੍ਹੇ ਲਿਖੇ ਵਿੱਦਯਾਨੁਰਾਗੀ ਰਾਗੀ ਅਮੀਰਾਂ ਦੇ ਕਾਰਨ ਜਿਨਾਂ ਤੇ ਏਥੋਂ ਦੀ ਪਰਜਾ ਦਾ ਬਹੁਤ ਪ੍ਰੇਮ ਹੈ ਅੰਗੂਠੀ ਦਾ ਅਮੋਲਕ ਨਗੀਨਾ ਬਣ ਰਿਹਾ ਹੈ।

ਭਾਵੇਂ ਨਾਨਕ ਕੰਗਾਲ ਨਹੀਂ ਹੈ ਪਰ ਸ੍ਵਾਰਥੀ ਤੇ ਕੰਜੂਸ ਹੋਣ ਦੇ ਕਾਰਨ ਆਪਣੇ ਆਪ ਨੂੰ ਲੁਕਾਈ ਰਖਦਾ ਸੀ, ਅਰਥਾਤ ਉਸਦੇ ਘਰ ਵਿਚ (ਕੁੱਤੇ ਬਿਲੀ ਨੂੰ ਛਡਕੇ) ਇਕ ਨੌਕਰ ਇਕ ਨੌਕਰਾਣੀ ਤੇ ਇਕ ਵਹੁਟੀ ਦੇ ਬਿਨਾਂ (ਜਿਸਨੂੰ

ਓਹ ਪਤਾ ਨਹੀਂ ਸੀ ਕਿਥੋਂ ਕੱਢ ਲਿਆਯਾ ਸੀ ਕਿ ਵਿਆਹ ਲਿਆਇਆ ਸੀ) ਹੋਰ ਕੋਈ ਨਹੀਂ ਸੀ। ਲੋਕ ਤਾਂ ਕਹਿੰਦੇ ਸਨ ਕਿ ਨਾਨਕ ਨੇ ਵਿਆਹ ਕਰਕੇ ਘਰ ਵਸਾਇਆ ਹੈ ਪਰ ਕਈ ਆਦਮੀ ਜੋ ਨਾਨਕ ਦੇ ਜਾਣੂੰ ਸਨ ਤੇ ਰਾਮੋ ਡੋਲੀ ਦਾ ਪ੍ਰਸੰਗ ਭੀ ਜਾਣ ਦੇ ਸਨ ਇਸ ਗਲ ਤੇ ਨਿਸਚਾ ਨਹੀਂ ਰਖਦੇ ਸਨ।

ਨਾਨਕ ਵਾਸਤੇ ਸ਼ਹਿਰ ਕੋਈ ਨਵਾਂ ਨਹੀਂ, ਜਦ ਉਸਦਾ ਨਾਉਂ ਇਸ ਕਹਾਣੀ ਵਿਚ ਆਇਆ ਹੈ ਉਸਤੋਂ ਪਹਿਲਾਂ ਭੀ ਓਹ ਕਈ ਵਾਰੀ ਇਸ ਸ਼ਹਿਰ ਵਿਚ ਆਕੇ ਰਹਿ ਗਿਆ ਹੈ, ਐਤਕੀ ਭਾਵੇਂ ਓਸਨੂੰ ਆਇਆਂ ਬਹੁਤ ਚਿਰ ਨਹੀਂ ਹੋਇਆ ਪਰ ਐਉਂ ਰਹਿੰਦਾ ਹੈ ਮਾਨੋਂ ਪੁਰਾਣਾਂ ਵਾਸੀ ਹੈ, ਉਹ ਸੋਚਦਾ ਸੀ ਕਿ ਉਸਦਾ ਗੁੰਮ ਨਾਮ ਪਿਤਾ ਅਰਬਾਤ ਭੂਤ ਨਾਥ ਜਿਸਦਾ ਹਾਲ ਥੋੜੇ ਦਿਨਾਂ ਤੋਂ ਓਸਨੂੰ ਮਲੂਮ ਹੋਇਆ ਹੈ ਬਹੁਤ ਛੇਤੀ ਰਾਜਾ ਸੀਹੋਂ ਦੂ ਸਿੰਘ ਦੇ ਕਾਰਨ ਮਾਲਾ ਮਾਲ ਹੋਕੇ ਏਸ ਸ਼ਹਿਰ ਵਿਚ ਆਵੇਗਾ ਓਸ ਵੇਲੇ ਅਸੀ ਬੜੇ ਆਨੰਦ ਨਾਲ ਜੀਵਨ ਬਤੀਤ ਕਰਾਂਗੇ ਪਰ ਉਸਦੀ ਆਸ਼ਾ ਵਿਚ ਧੱਕਾ ਲਗਾ ਜੇਹਾ ਕੁ ਅਗੇ ਚਲਕੇ ਮਲੂਮ ਹੋਵੇਗਾ।

ਰਾਤ ਪਹਿਰ ਭਰ ਤੋਂ ਵਧੀਕ ਜਾ ਚੁਕੀ ਹੈ, ਨਾਨਕ ਆਪਣੇ ਮਕਾਨ ਦੇ ਅੰਦਰ ਸਜਾਵਟ ਤੇ ਰੋਸ਼ਨੀ ਦਾ ਪ੍ਰਬੰਧ ਐਉਂ ਕਰ ਰਿਹਾ ਹੈ ਜਿਵੇਂ ਦਿਖਾਵੇ ਦੇ ਸ਼ੌਕੀਨ ਲੋਕ ਕਿਸੇ ਪ੍ਰਾਹੁਣੇ ਦੇ ਆਉਣ ਤੇ ਕਰਦੇ ਹਨ, ਏਸੇ ਤਰਾਂ ਉਸਦੀ ਇਸਤ੍ਰੀ ਭੀ ਲੰਗਰ ਦੀ ਤਿਆਰੀ ਵਿਚ ਐਧਰ ਓਧਰ ਅਖਾਂ ਮਟਕਾ-

ਉਂਦੀ ਫਿਰਦੀ ਹੈ, ਉਸਦੀ ਸੂਰਤ ਸ਼ਕਲ ਤੋਂ ਮਲੂਮ ਹੁੰਦਾ ਹੈ ਕਿ ਉਸਨੂੰ ਆਪਣੇ ਇਸ ਪ੍ਰਾਹੁਣੇ ਦੇ ਆਉਣ ਦੀ ਖੁਸ਼ੀ ਨਾਨਕ ਤੋਂ ਵਧੀਕ ਹੈ। ਗਲ ਕੀ ਥੋੜੇ ਹੀ ਚਿਰ ਵਿਚ ਸਭ ਸਾਮਾਨ ਠੀਕ ਹੋ ਗਿਆ ਤੇ ਨਾਨਕ ਦੀ ਵਹੁਟੀ ਨੇ ਆਪਣੀ ਦਾਸੀ ਨੂੰ ਕਿਹਾ:—ਜਰਾ ਅਗੇ ਹੋਕੇ ਦੇਖ ਤਾਂ ਸਹੀ ਗੱਜੂ ਬਾਬੂ ਆਉਂਦੇ ਭੀ ਹਨ ਕਿ ਨਹੀਂ ?

ਦਾਸੀ—(ਹੌਲੀ ਜੇਹੀ ਤਾਕਿ ਕੋਈ ਹੋਰ ਨ ਸੁਣੇ) ਬੀਬੀ ਕਾਹਲੀ ਕਿਉਂ ਕਰਦੀ ਹੈਂ ! ਓਹ ਤਾਂ ਤੈਥੋਂ ਵਧੀਕ ਏਥੇ ਆਉਣ ਲਈ ਅਧੀਰ ਹੋ ਰਹੇ ਹੋਣਗੇ।

ਬੀਬੀ—(ਹੱਸਕੇ) ਖਚਰੀ, ਤੂੰ ਇਹ ਕਿਸਤਰਾਂ ਜਾਣਦੀ ਹੈਂ ?

ਦਾਸੀ—ਤਹਾਡੀ ਤੇ ਓਨਾਂ ਦੀ ਚਾਲ ਤੋਂ, ਕੀ ਮੈਂ ਨਹੀਂ ਜਾਣਦੀ ? ਕੀ ਮੈਂ ਇਕਾਦਸ਼ੀ ਵਾਲੀ ਰਾਤ ਭੁਲ ਸਕਦੀ ਹਾਂ ? (ਬਾਂਹ ਦਿਖਾਕੇ) ਆਹ ਦੇਖੋ ਤੁਹਾਡੀ.....।

ਦਾਸੀ ਦੀ ਗੱਲ ਅਜੇ ਪੂਰੀ ਹੋਈ ਹੀ ਨਹੀਂ ਸੀ ਹੋਈ ਕਿ ਨਾਨਕ ਆ ਪਹੁੰਚਾ ਤੇ ਦਾਸੀ ਨੂੰ ਚੁਪ ਹੋਣਾ ਪਿਆ।

ਨਾਨਕ—(ਸਜੀਆਂ ਹੋਈਆਂ ਥਾਲੀਆਂ ਵਲ ਦੇਖਕੇ) ਹੈਂ ! ਮੁਰੱਬਾ ਤਾਂ ਵਿਚ ਰੱਖਿਆ ਹੀ ਨਹੀਂ !

ਬੀਬੀ—ਮੁਰੱਬਾ ਕੀ ਰਖਦੀ ? ਪਤਾ ਨਹੀਂ ਜੋ ਕਿਥੋਂ ਤੁੱਕਿਆ ਹੋਇਆ ਲੈ ਆਏ ਹਨ, ਲਖਪਤੀ ਆਦਮੀ ਦੀ ਥਾਲੀ ਵਿਚ ਰਖਦਿਆਂ ਸ਼ਰਮ ਨਹੀਂ ਆਉਂਦੀ ?

ਨਾਨਕ—ਮੇਰੀ ਦੁਵਾਨੀ ਖਰਚ ਹੋਗਈ ਹੈ ਤੇ ਏਸਦੇ ਪਸੰਦ ਹੀ ਨਹੀਂ ਆਇਆ, ਮੈਂ ਅੰਨਾਂ ਸਾਂ ਜੋ ਤੁੱਕਿਆ ਹੋਇਆ

ਲਿਆਉਣਾ ਸੀ ।

ਬੀਬੀ–ਤੇਰੇ ਅੰਨੇ ਹੋਣ ਵਿਚ ਕੀ ਸੰਦੇਹ ਹੈ ? ਜੇ ਅੱਖਾਂ ਵਾਲਾ ਹੁੰਦੋਂ ਤਾਂ ਏਤਨਾਂ ਚਿਰ ਰਾਮ ਬੋਲੀ ਤੇ ਅਪਣੇ ਮਾਂ ਪਿਓ ਨੂੰ ਪਛਾਣਨ ਵਿਚ ਟਕਰਾਂ ਕਿਉਂ ਮਾਰਦਾ ।

ਨਾਨਕ–(ਚਿੜਕੇ) ਤੇਰੀਆਂ ਗਲਾਂ ਤੀਰ ਵਾਂਗ ਲਗ ਦੀਆਂ ਹਨ, ਤੇਰੀਆਂ ਬੋਲੀਆਂ ਨੇ ਕਲੇਜਾ ਪਕਾ ਦਿਤਾ ਹੈ, ਰੋਜ ੨ ਦਿਆਂ ਮੇਹਣਿਆਂ ਨੇ ਨੱਕ ਵਿਚ ਦਮ ਲੈ ਆਂਦਾ ਹੈ ਪਤਾ ਨਹੀਂ ਜੋ ਕਿਥੋਂ ਦੀ ਬੁਰੀ ਘੜੀ ਆਗਈ ਸੀ ਜੋ ਮੈਂ ਤੈਨੂੰ ਆਪਣੇ ਘਰ ਲੈ ਆਇਆ ।

ਬੀਬੀ–(ਆਪਣੇ ਮਨ ਵਿਚ) ਚੰਦ੍ਰੀ ਘੜੀ ਨਹੀਂ ਸਗੋਂ ਤੇਰੇ ਤਾਂ ਭਾਗ ਜਾਗੇ ਜੋ ਮੈਨੂੰ ਆਪਣੇ ਘਰ ਲੈ ਆਇਆ ਜੇ ਮੈਂ ਨ ਆਉਂਦੀ ਤਾਂ ਏਹੋ ਜੇਹੇ ਅਮੀਰ ਤੇਰੇ ਘਰ ਥੁਕਣ ਭੀ ਨਾ ਆਉਂਦੇ । (ਉੱਚੀ) ਭਾਗ ਤਾਂ ਮੇਰੇ ਖੋਟੇ ਸਨ ਜੋ ਮੈਂ ਏਸ ਘਰ ਆ ਗਈ, ਜਣੇ ਖਣੇ ਦੇ ਸਾਹਮਣੇ ਆਉਣਾ ਪੈਂਦਾ ਹੈ, ਤੈਨੂੰ ਤਾਂ ਏਹੋ ਜੇਹਾ ਮਕਾਨ ਭੀ ਨ ਜੁੜਿਆ ਜਿਥੇ ਜਨਾਨਾ ਤੇ ਮਰਦਾਨਾ ਕਮਰਾ ਵੱਖਰਾ ਹੋਵੇ ਤੇ ਮੇਰੀ ਜਾਨ ਤੇਰੇ ਯਾਰਾ ਮਿਤ੍ਰਾਂ ਦੇ ਸਾਹਮਣੇ ਹੋਣੋਂ ਬਚੇ, ਚੰਗਾ ਹੁੰਦਾ ਜੋ ਓਹ ਗੁੰਗੀ ਤੇਰੇ ਘਰ ਆਉਂਦੀ ਤੇ ਦਿਨ ਵਿਚ ਤਿੰਨ ਵਾਰੀ ਤੈਥੋਂ ਝਾੜੂ ਦੁਵਾਉਂਦੀ, ਜਾਹ ਦੂਰ ਹੋ ਜਾਹ ਮੇਰੀਆਂ ਅੱਖਾਂ ਤੋਂ ਨਹੀਂ ਤਾਂ ਹੁਣੇ ਭਾਂਡਾ ਭੰਨ ਦੇਵਾਂਗੀ ।

ਦਾਸੀ–ਬੀਬੀ ਜਾਣ ਭੀ ਦੇਹ ਤੂੰ ਭੀ ਬੜੀ ਭੋਲੀ ਹੈਂ ਜੋ ਜਰਾ ਕੁ ਗਲ ਤੇ ਗੁਸੇ ਹੋ ਜਾਂਦੀ ਹੈਂ !

ਦਾਸੀ ਨੇ ਬੜੀ ਔਖਿਆਈ ਨਾਲ ਲੜਾਈ ਬੰਦ

ਕਰਾਈ ਦੇਤਨੇ ਨੂੰ ਬਾਹਰੋਂ ਕਿਸੇ ਨੇ ਆਵਾਜ਼ ਮਾਰੀ, ਨਾਨਕ ਦੌੜ ਕੇ ਗਿਆ, ਵੇਖਿਆ ਕਿ ਪੰਜ ਸਤ ਨੌਕਰਾਂ ਸਮੇਤ ਗੱਜੂ ਬਾਬੂ ਆ ਪਹੁੰਚੇ ਹਨ ਇਨਾਂ ਦਾ ਪੂਰਾ ਨਾਉਂ "ਗਜੇਂਦ੍ਰ ਬਾਬੂ" ਹੈ ਪਰ ਅਮੀਰ ਹੋਣ ਕਰਕੇ ਲੋਕ ਗਜੂ ਬਾਬੂ ਹੀ ਆਖਦੇ ਸਨ। ਨੌਕਰਾਂ ਨੂੰ ਤਾਂ ਬਾਹਰ ਛਡਿਆ ਤੇ ਆਪ ਅਕੱਲੇ ਗਜੂ ਬਾਬੂ ਵੇਹੜੇ ਵਿਚ ਆ ਪਹੁੰਚੇ, ਨਾਨਕ ਨੇ ਬੜੀ ਖਾਤ੍ਰ ਨਾਲ ਬੈਠਾਯਾ ਥੋੜੇ ਚਿਰ ਤਕ ਗਪ ਸ਼ਪ ਦੇ ਪਿਛੋਂ ਭੋਜਨ ਦੀ ਸਾਮਿਗ੍ਰੀ ਇਨਾਂ ਦੇ ਅਗੇ ਲਿਆ ਰਖੀ।

ਗੱਜੂ—ਕੀ ਮੈਂ ਅਕੱਲਾ ਹੀ ਖਾਵਾਂਗਾ?

ਨਾਨਕ—ਹੋਰ ਕੀ?

ਗੱਜੂ—ਨਹੀਂ ਹੋ ਸਕਦਾ, ਤੁਸੀ ਭੀ ਆਪਣੀ ਥਾਲੀ ਮੰਗਾਓ ਤੇ ਮੇਰੇ ਸਾਹਮਣੇ ਬੈਠੋ।

ਨਾਨਕ—ਨਹੀਂ ਮੈਂ ਤੁਹਾਡੇ ਸਾਹਮਣੇ ਬੈਠਾਂਗਾ ਤੁਸੀਂ ਖਾਓ।

ਗਜੂ—ਇਹ ਕਦੇ ਨਹੀਂ ਹੋਣਾ, ਜੇ ਤੁਸੀ ਨਹੀਂ ਖਾਉਗੇ ਤਾਂ ਮੈਂ ਭੀ ਚਲਾ ਜਾਵਾਂਗਾ।

ਚੰਗਾ ਤੁਹਾਡੀ ਜ਼ਿਦ ਹੀ ਸਹੀ, ਆਖਕੇ ਨਾਨਕ ਨੇ ਭੀ ਆਪਣੀ ਥਾਲੀ ਮੰਗਵਾਈ, ਦਾਸੀ ਨੇ ਆਸਣ ਵਿਛਾ ਦਿਤਾ ਅਤ ਦੋਵੇਂ ਜਣੇ ਖਾਣ ਲਗ ਪਏ।

ਗੱਜੂ—ਆਹ ਮਾਸ ਤਾਂ ਚੰਗਾ ਬਣਿਆ ਹੈ ਥੋੜਾ ਹੋਰ ਮੰਗਵਾਓ।

ਨਾਨਕ—(ਦਾਸੀ ਨੂੰ) ਜਾਹ ਦੌੜ ਕੇ ਮਾਸ ਵਾਲਾ ਭਾਂਡਾ ਚੁਕ ਲਿਆ।

ਗੱਜੂ—ਕੀ ਹੁਣ ਦਾਈ ਪਰੋਸੇਗੀ ?

ਨਾਨਕ—ਕੀ ਹਰਜ ਹੈ।

ਗੱਜੂ—ਵਾਹ ਜੀ ਸਾਡੀ ਭਾਬੀ ਜੀ ਨੂੰ ਸਵਦਾਓ, ਜਦ ਸਾਡੀ ਤੁਹਾਡੀ ਮਿੱਤ੍ਰਤਾ ਹੈ ਤਾਂ ਕਾਹਦਾ ਪਰਦਾ ?

ਨਾਨਕ—ਪਰਦਾ ਤਾਂ ਕੋਈ ਨਹੀਂ, ਪਰ ਓਸਨੂੰ ਤੁਹਾਡੇ ਸਾਹਮਣੇ ਆਉਂਦਿਆਂ ਸ਼ਰਮ ਆਉਂਦੀ ਹੈ।

ਗੱਜੂ—ਐਵੇਂ ਝੂਠੀ ਗੱਲ ਏਹਦੇ ਵਿਚ ਕਾਹਦੀ ਸ਼ਰਮ ਹੈ, ਤੁਸੀ ਸ਼ਰਮਾਉਂਦੇ ਹੋਵੋ ਤਾਂ ਹੋਰ ਗੱਲ ਹੈ।

ਨਾਨਕ—ਨਹੀਂ ਜੀ ਤੁਹਾਥੋਂ ਸ਼ਰਮ ਹੈ, ਤੁਹਾਡੀ ਮਿਤ੍ਰਤਾ ਪਿਛੇ ਤਾਂ ਮੈਂ ਬਰਾਦਰੀ ਤਕ ਦੀ ਪ੍ਰਵਾਹ ਨਹੀਂ ਕੀਤੀ।

ਗੱਜੂ—ਠੀਕ ਹੈ ਤੇ ਮੈਂ ਤੁਹਾਡੇ ਪਿਛੇ ਆਪਣੇ ਭਰਾ ਦੇ ਗੁਸੇ ਹੋਜਾਣ ਦੀ ਪ੍ਰਵਾਹ ਨਹੀਂ ਕੀਤੀ ਤੇ ਤੁਹਾਨੂੰ ਨਾਲ ਲੈਕੇ ਅਜਮੇਰ ਜਾਣ ਨੂੰ ਤਿਆਰ ਹੋਗਿਆ।

ਨਾਨਕ—(ਆਪਣੀ ਵਹੁਟੀ ਨੂੰ) ਸੁਣੋ ਜੀ ਜਰਾ ਮਾਸ ਵਾਲਾ ਪਤੀਲਾ ਲੈਕੇ ਏਥੇ ਆਓ !

ਗੱਜੂ—ਹਾਂ ਹਾਂ ਚਲੀ ਆਓ ਕੀ ਹਰਜ ਹੈ, ਭਾਬੀ ਜੇ ਹੋਈ ਬਹੁਤੀ ਜ਼ਿਦ ਹੈ ਤਾਂ ਮੂੰਹ ਦਿਖਾਈ ਲੈ ਲਵੋ।

ਇਹ ਸੁਕਦਿਆਂ ਹੀ ਬੀਬੀ ਸਾਹਿਬਾ ਛਮ ਛਮ ਕਰਦੀ ਪਰਦੇ ਦੇ ਅੰਦਰੋਂ ਨਿਕਲਕੇ ਮਾਸ ਵਾਲਾ ਪਤੀਲਾ ਲੈਕੇ ਦੋਹਾਂ ਦੇ ਪਾਸ ਆ ਖਲੋਤੀ। ਅਸੀ ਏਥੇ ਨਾਨਕ ਦੀ ਵਹੁਟੀ ਦਾ ਰੰਗ ਢੰਗ ਨਹੀਂ ਲਿਖਾਂਗੇ ਅਸੀ ਤਾਂ ਇਹ ਦਸ਼ਾ ਦੇਖਕੇ ਹੈਰਾਨ ਹਾਂ ਅਤ ਸਮਝਦੇ ਹਾਂ ਕਿ ਨਾਨਕ ਨੂੰ ਨੇਕ ਤੇ ਧਰਮ ਵਾਲਾ ਸਮਝਨ ਵਿਚ ਕਮਲਨੀਤੇਤੇਜ ਸਿੰਘ ਨੇ ਧੋਖਾ ਖਾਧਾ ਹੈ,

ਕਮਲਨੀ ਲਾਡਲੀ ਲਛਮੀ ਦੇਵੀ ਆਦਿਕਾਂ ਤੇ ਏਯਾਰਾਂ ਦਾ ਮਨ ਤਾਂ ਤੂਤ ਨਾਥ ਵਲੋਂ ਫਿਰ ਚੁਕਾ ਹੈ ਪਰ ਸ਼ਾਇਦ ਨਾਨਕ ਵਲੋਂ ਅਜੇ ਓਹੋ ਆਸ਼ਾ ਹੋਵੇ ॥

ਨਾਨਕ ਦੀ ਵਹੁਟੀ ਨੇ ਪਤੀਲੇ ਵਿਚੋਂ ਦੋ ਕੜਛੀਆਂ ਮਾਸ ਗਜੂ ਬਾਬੂ ਦੀ ਥਾਲੀ ਵਿਚ ਪਾ ਦਿਤਾ ਤੇ ਨਾਨਕ ਦੀ ਥਾਲੀ ਵਿਚ ਪਾਉਣ ਲਈ ਝੁਕੀ ਹੀ ਸੀ ਕਿ ਬਾਹਰੋਂ ਕਿਸੇ ਨੇ ਆਵਾਜ਼ ਮਾਰੀ:--ਕਿਉਂ ਜੀ ਨਾਨਕ ਘਰ ਹੈ ? ਇਸ ਆਵਾਜ਼ ਨੂੰ ਸੁਣਦਿਆਂ ਹੀ ਨਾਨਕ ਤੂਬੁਕ ਉਠਿਆ ਅਰ ਦਾਈ ਨੂੰ ਕਹਿਣ ਲਗਾ ਜਾਹ ਛੇਤੀ ਜਾਕੇ ਦੇਖ ਕੌਣ ਹੈ !

ਦਾਈ ਦੌੜ ਕੇ ਬੂਹੇ ਵਲ ਗਈ ਬੂਹਾ ਖੋਲਕੇ ਦੇਖਿਆ ਤਾਂ ਇਕ ਆਦਮੀ ਨਜਰ ਪਿਆ ਜਿਸਨੇ ਕਾਲੇ ਕਪੜੇ ਨਾਲਆਪਣੇ ਆਪਨੂੰ ਢੱਕਿਆ ਹੋਇਆ ਸੀ ਤੇ ਮੂੰਹਤੇ ਕਾਲੀ ਨਕਾਬ ਪਾਈ ਹੋਈਸੀ ਕਪੜੇ ਏਤਨੇ ਢਿਲੇ ਸਨ ਕਿ ਇਸ ਗੱਲ ਦਾ ਪਤਾ ਹੀ ਨਹੀਂ ਲਗਾਸਕਦਾ ਸੀ ਕਿਇਹ ਕਿਸ ਅਵਸਥਾ ਦਾ ਹੈ।ਦਾਈਓਸਨੂੰ ਦੇਖਕੇ ਡਰ ਗਈ ਜੇ ਗੱਜੂ ਬਾਬੂ ਦੇ ਸਿਪਾਹੀ ਤੇ ਨੌਕਰ ਬੂਹੇ ਅੱਗੇ ਨਾ ਹੁੰਦੇ ਤਾਂ ਓਹ ਜਰੂਰ ਚੀਕ ਮਾਰਕੇ ਦੌੜ ਜਾਂਦੀ, ਪਰ ਉਨਾਂ ਨੌਕਰਾਂ ਤੇ ਨਜਰ ਪੈਂਦਿਆਂ ਹੀ ਓਸਨੂੰ ਧੀਰਜ ਹੋਗਈ ਤੇ ਓਸਨੇ ਨਕਾਬ ਪੋਸ਼ ਨੂੰ ਪੁਛਿਆ ਤੁਸੀ ਕੌਣ ਹੋ ਤੇ ਕੀ ਚਾਹੁੰਦੇ ਹੋ ?

ਨਕਾਬ ਪੋਸ਼--ਮੈਂ ਆਦਮੀ ਹਾਂ ਤੇ ਨਾਨਕ ਪ੍ਰਸ਼ਾਦਿ ਨੂੰ ਮਿਲਨਾ ਚਾਹੁੰਦਾ ਹਾਂ।

ਦਾਈ--ਤੁਸੀ ਬਾਹਰ ਬੈਠੋ ਓਹ ਭੋਜਨ ਕਰ ਰਹੇ ਹਨ ਹੱਥ ਮੂੰਹ ਧੋ ਲੈਣਗੇ ਤਾਂ ਆਉਣਗੇ।

ਨਕਾਬ ਪੋਸ਼–ਨਹੀਂ ਇਹ ਨਹੀਂ ਹੋ ਸਕਦਾ, ਤੂੰ ਜਾਕੇ ਕਹਿਦੇ ਕਿ ਬਹੁਤ ਛੇਤੀ ਆਵੇ, ਜਾਹ ਚਿਰ ਨਾ ਲਾ ਜੇ ਓਸਦੀ ਥਾਲੀ ਵਿਚ ਬਹੁਤ ਸਵਾਦੀ ਚੀਜ਼ਾਂ ਹੋਣ ਤੇ ਮਨ ਜੂਠਾ ਛਡਣ ਨੂੰ ਨ ਕਰੇ ਤਾਂ ਓਸਨੂੰ ਕਹਿ ਦੇਵੀਂ 'ਰੋਹਤਾਸ ਮਠ" ਦਾ ਪੁਜਾਰੀ ਆਇਆ ਹੈ।

ਇਹ ਗੱਲ ਨਕਾਬ ਪੋਸ਼ ਨੇ ਅਜੇਹੇ ਢੰਗ ਨਾਲ ਕਹੀ ਕਿ ਦਾਈ ਨੂੰ ਮੁੜ ਪੁਛਣ ਦਾ ਹੌਸਲਾ ਨਾ ਪਿਆ, ਓਸਨੇ ਨਾਨਕ ਦੇ ਪਾਸ ਜਾਕੇ ਕਿਹਾ ਰੋਹਤਾਸਮਠ ਦਾ ਪੁਜਾਰੀ ਆਇਆ ਹੈ। ਇਸ ਗੱਲ ਨੇ ਨਾਨਕ ਨੂੰ ਬੇਚੈਨ ਕਰ ਦਿਤਾ ਓਸਦੇ ਵਿਚ ਏਤਨੀ ਹਿੰਮਤ ਨ ਰਹੀ ਕਿ ਹਥਵਾਲੀ ਰਾਹੀ ਹੀ ਮੂੰਹ ਵਿਚ ਪਾ ਲਵੇ ਉਸਨੇ ਘਬਰਾਈ ਹੋਈ ਅਵਾਜ਼ ਨਾਲ ਗੱਜੂ ਬਾਬੂ ਨੂੰ ਕਿਹਾ:–ਮੈਨੂੰ ਖਿਮਾ ਕਰਨਾ, ਇਸ ਆਦਮੀ ਨਾਲ ਗਲ ਬਾਤ ਕਰਨੀ ਕਿੰਨੀਕੁ ਜਰੂਰੀ ਹੈ ਸੋ ਆਪ ਇਸ ਗਲ ਤੋਂ ਸਮਝ ਲਵੋ ਕਿ ਆਪ ਜੇਹੇ ਮਿਤ੍ਰ ਨੂੰ ਤੇ ਭਰੀ ਥਾਲੀ ਛਡਕੇ ਮੈਂ ਜਾ ਰਿਹਾ ਹਾਂ, ਹਛਾ ਆਪਦੀ ਭਾਬੀ ਸਾਹਿਬ ਆਪਨੂੰ ਚੰਗੀਤਰਾਂ ਖੁਵਾਵੇਗੀ, (ਆਪਣੀ ਵਹੁਟੀ ਨੂੰ) ਏਨਾਂ ਨੂੰ ਇਕ ਦੋ ਗਲਾਸ ਆਸ਼ਵ ਦੇ ਬੀ ਦੇਣੇ। ਇਹ ਕਹਿਕੇ ਨਾਨਕ ਛੇਤੀ ੨ ਹਥ ਮੂੰਹ ਧੋਕੇ ਬੂਹਾ ਖੋਲਕੇ ਬਾਹਰ ਚਲਾ ਗਿਆ, ਨਾਨਕ ਦੇ ਚਲੇ ਜਾਣ ਤੇ ਗੱਜੂ ਬਾਬੂ ਨੂੰ ਕੋਈ ਰੰਜ ਨਾ ਹੋਇਆ ਸਗੋਂ ਇਕ ਪ੍ਰਕਾਰ ਦੀ ਖੁਸ਼ੀ ਹੋਈ ਅਰ ਓਸਨੇ ਮਨ ਵਿਚ ਕਿਹਾ:–ਚਲੋ ਇਹ ਭੀ ਚੰਗਾ ਹੋਯਾ ਖੁਲੀ ਛੁਟੀ ਮਿਲੀ।

ਬਾਹਰ ਨਿਕਲਕੇ ਨਾਨਕ ਨੇ ਨਕਾਬ ਪੋਸ਼ ਨੂੰ ਦੇਖਿਆ ਅਰ ਬਿਨਾਂ ਕੁਛ ਕਹੇ ਦੇ ਓਸਦਾ ਹਥ ਫੜਕੇ ਦੂਰ ਪਰੇ

ਲੈਗਿਆ ਜਦ ਇਕਾਂਤ ਵਿਚ ਪਹੁੰਚ ਗਏ ਤਾਂ ਨਾਨਕ ਨੇ ਕਿਹਾ:—ਮੈਂ ਤਾਂ ਅਵਾਜ਼ ਤੋਂ ਹੀ ਪਛਾਣ ਲਿਆ ਸੀ ਕਿ ਮੇਰਾ ਮਿਤ੍ਰ ਆ ਗਿਆ ਹੈ ਪਰ ਦਾਸੀ ਨੂੰ ਇਸ ਲਈ ਭੇਜਿਆ ਸੀ ਕਿ ਦੇਖ ਆਵੇ ਜੋ ਆਪ ਕਿਸ ਢੰਗ ਵਿਚ ਆਏ ਹੋ ਅਰ ਕੋਈ ਖਬਰ ਲਿਆਏ ਹੋ ਪਰ ਜਦ ਦਾਸੀ ਨੇ ਰੋਹਤਾਸ਼ ਮਠ ਦੇ ਪੁਜਾਰੀ ਦਾ ਨਾਉਂ ਲਿਆ ਤਾਂ ਕਲੇਜਾ ਕੰਬ ਉਠਿਆ, ਮਲੂਮ ਹੋਯਾ ਕਿ ਕੋਈ ਭਿਆਨਕ ਖਬਰ ਹੈ।

ਨਕਾਬ ਪੋਸ਼—ਠੀਕ ਹੈ, ਸ਼ਾਇਦ ਤੈਨੂੰ ਇਹ ਸੁਣਕੇ ਅਚਰਜ਼ ਹੋਵੇਗਾ ਕਿ ਤੇਰਾ ਬਹੁਤ ਚਿਰ ਦਾ ਗਵਾਚਾ ਹੋਇਆ ਪਿਓ ਭੂਤ ਨਾਥ ਹੁਣ ਖੁਲੀ ਹਵਾ ਖਾਣ ਜੋਗਾ ਨਹੀਂ ਰਿਹਾ।

ਨਾਨਕ—ਓਹ ਕਿਉਂ ?

ਨਕਾਬ ਪੋਸ਼—ਓਸਦੇ ਬੁਰੇ ਦਿਨ ਜੋ ਪਾਰੇ ਵਿਚ ਚਾਂਦੀ ਵਾਂਗ ਲੁਕੇ ਹੋਏ ਸਨ ਅਚਾਨਕ ਆ ਪ੍ਰਗਟ ਹੋਏ ਹਨ, ਤੇ ਤੇਰੀ ਮਾਂ ਨੂੰ ਭੀ ਅੱਠਵੇਂ ਰੰਦ੍ਰਮਾਂ ਵਾਂਗੂ ਕ੍ਰਿਪਾ ਦ੍ਰਿਸ਼ਟ ਨੇ ਦੇਖ ਲਿਆ ਹੈ ਅਰ ਸ਼ਾਹਜ਼ਸਤੀ ਦੇ ਕਰਨ ਛਨਿਛਰ ਨੇ ਤੇਰੇ ਨਾਲ ਭੀ ਰਾਮ ਰਵੱਯਾ ਕਰਨ ਲਈ ਕਹਿ ਭੇਜਿਆ ਹੈ ਪਰ ਇਹ ਨ ਸਮਝ ਲੈਣਾਂ ਕਿ ਮੈਂ ਹੀ ਸੁਨੇਹਾਂ ਲੈਕੇ ਆਇਆਹਾਂ ਸਗੋਂ ਇਹ ਸਮਝ ਲੈਣਾ ਕਿ ਜੋਤਸ਼ੀਆਂ ਦੇ ਦਸੇ ਹੋਏ ਦਾਨ ਦਾ ਫਲ ਬਣਕੇ ਤੁਹਾਡੀ ਰਖਿਆ ਕਰਨ ਆਇਆ ਹਾਂ ਸੋ ਹੁਣ ਤੁਹਾਨੂੰ ਭੀ ਚਾਹੀਦਾ ਹੈ ਕਿ ਜੋਤਸ਼ੀਆਂ ਦੇ ਕਰਮ ਭੰਡਾਰ ਵਿਚੋਂ ਫਲਤ ਵਿਦਯਾ ਵਾਂਗ ਅੰਤ੍ਰ ਧਿਆਨ ਹੋ ਜਾਓ।

ਨਾਨਕ—(ਡਰਕੇ) ਸ਼ੋਕ ਹੈ ਕਿ ਤੁਹਾਡੀ ਪੁਰਾਣੀ ਵਾਦੀ ਨਹੀਂ ਜਾਂਦੀ ਦੋਹਰਛੀ ਗੱਲ ਨੂੰ ਸੋ ਵਲ ਪਾਕੇ ਆਖੋਗੇ

ਸਾਫ ਨ ਕਿਉਂ ਨਹੀਂ ਜਮਦੇ ਜੋ ਕੀ ਹੋਇਆ ਹੈ ?

ਨਕਾਬਪੋਸ਼-ਸ਼ੋਕ! ਕਿ ਤੇਰੀ ਦੁਧ ਦੀ ਕੌਂਚੀ ਨੂੰ ਅਕਲ ਦੀ ਸਾਨ ਨਹੀਂ ਮਿਲੀ, ਚਛਾ ਹੁਣ ਮੈਂ ਸਾਫ ਨ ਦਸਦਾ ਹਾਂ, ਤੇਰੇ ਪਿਉ ਦਾ ਲੁਕਿਆ ਹੋਇਆ ਅਪਰਾਧ ਬਰਸਾਤ ਦੇ ਬੱਦਲਾਂ ਵਿਚ ਲੁਕੇ ਹੋਏ ਚੰਦ੍ਰਮਾਂ ਵਾਂਗ ਅਚਾਨਕ ਪ੍ਰਗਟ ਹੋਗਿਆ ਹੈ, ਇਸੇ ਲਈ ਤੇਰੀ ਮਾਂ ਭੀ ਵੈਰੀਆਂ ਦੇ ਕਾਬੂ ਵਿਚ ਸ਼ੇਰ ਦੇ ਪੰਜੇ ਵਿਚ ਹਰਨੀ ਵਾਂਗ ਆ ਗਈ ਹੈ ਅਤ ਇਸੇ ਕਾਰਨ ਪੁੱਗੀ ਦੇ ਪਿਛੇ ਸ਼ਿਕਾਰੀ ਬਾਜ ਵਾਂਗ ਤੇਰੇ ਤੇ ਬੀ ਧਾਵਾ ਹੋਣ ਵਾਲਾ ਹੈ ਹੋ ਸਕਦਾ ਹੈ ਕਿ ਜਦ ਤਕ ਕੋਈ ਢੁੰਡਣ ਵਾਲਾ ਆਵੇ ਤੂੰ ਮੰਜੀ ਦੇ ਖਟਮਲ ਵਾਂਗ ਗੁੰਮ ਹੋ ਜਾਵੇਂ ਪਰ ਛੇਰ ਭੀ ਤੱਤੇ ਪਾਣੀ ਦਾ ਡਰ ਬਣਿਆ ਹੀ ਰਹੇਗਾ।

ਨਾਨਕ-(ਖਿਝਕੇ) ਤੁਸੀ ਨਹੀਂ ਮੰਨਦੇ, ਚਛਾ ਹੁਣ ਮੈਂ ਸਮਝਗਿਆ ਹਾਂ ਕਿ ਮੇਰੇ ਪਿਤਾ ਦਾ ਦੋਸ਼ ਬੀਰੇਂਦ੍ਰ ਸਿੰਘ ਨੂੰ ਮਲੂੰਮ ਹੋ ਗਿਆ ਹੈ ਪਰ ਮੈਨੂੰ ਉਨ੍ਹਾਂ ਦੇ, ਤੇਜ ਸਿੰਘ ਦੇ ਅਤੇ ਕਮਲਨੀ ਦੇ ਮੂੰਹੋਂ ਨਿਕਲੇ ਹੋਏ ਖਿਮਾ ਸ਼ਬਦ ਤੇ ਮੈਨੂੰ ਬਹੁਤ ਭਰੋਸਾ ਹੈ ਤਾਵੇਂ ਇਹ ਗੋਲ ਉਨ੍ਹਾਂ ਨੇ ਅਪਰਾਧ ਜਾਨਣ ਤੋਂ ਪਹਿਲਾਂ ਕਹੀ ਹੈ।

ਨਕਾਬਪੋਸ਼-ਨਹੀਂ ਨਹੀਂ ਤੁਹਾਡੇ ਪਿਉ ਨੇ ਬੀਰੇਂਦ੍ਰ ਸਿੰਘ ਦਾ ਜੋ ਕੁਛ ਅਪਰਾਧ ਕੀਤਾ ਸੀ ਓਹ ਉਨ੍ਹਾਂ ਦੇ ਦੋਸ਼ਾਰਾਂ ਨੂੰ ਮਲੂੰਮ ਹੋਗਿਆ ਹੈ ਪਰ ਇਨਾਂ ਨਵੇਂ ਪੁਰਾਣੇ ਦੋਸ਼ਾਂ ਦੇ ਸਾਹਮਣੇ ਓਹ ਦੋਸ਼ ਐਉਂ ਸਨ ਜਿਵੇਂ ਸੂਰਜ ਦੇ ਸਾਹਮਣੇ ਦੀਵਾ, ਗੁਰੂ ਦੇ ਸਾਹਮਣੇ ਚੇਲਾ, ਦਿਨ ਦੇ ਸਾਹਮਣੇ ਰਾਤ ਜਾਂ ਮੇਰੇ ਸਾਹਮਣੇ ਤੂੰ।

ਨਾਨਕ—ਜੇ ਤੁਹਾਡੇ ਵਿਚ ਇਕ ਇਹ ਐਬ ਨ ਹੁੰਦਾ ਤਾਂ ਤੁਸੀ ਬੜੇ ਕੰਮਦੇ ਆਦਮੀ ਸੋ, ਦੇਖ ਰਹੇ ਹੋ ਕਿ ਆਸੀ ਸੜਕ ਤੇ ਬੜੀ ਕੁਝਾਂ ਖੜੇ ਹਾਂ ਪਰ ਛੇਤ ਭੀ ਛੇਤੀ ਛੇਤੀ ਗਲ ਨਹੀਂ ਮੁਕਾਉਂਦੇ ॥

ਨਕਾਬਪੋਸ਼—ਏਸਦਾ ਏਹੋ ਕਾਰਨ ਹੈ ਕਿ ਮੇਰਾ ਨਾਉਂ ਭੀ ਸੰਖੇਪ ਨਹੀਂ ਹੈਂ ਅਰਥਾਤ ਗੋਪੀ ਅਤੇ ਕ੍ਰਿਸ਼ਨ ਦੋ ਸ਼ਬਦਾਂ ਤੋਂ ਬਣਿਆਂ ਹੈ ਸੋ ਮੈਂ ਵਡਿਆਂ ਦੇ ਬਨਾਏ ਨਾਉਂ ਨੂੰ ਸਾਰਥਕ ਕਰਨ ਲਈ ਸਦ ਬਹੁ ਬਚਨ ਆਖਦਾ ਹਾਂ, ਗੋਪੀਆਂ ਦੇ ਪ੍ਰੇਮ ਵਾਂਗ ਮੇਰੀਆਂ ਗਲਾਂ ਭਾਰੀਆਂ ਨਹੀਂ ਮਲੂੰਮ ਹੁੰਦੀਆਂ, ਜਿਸਤਰਾਂ ਕ੍ਰਿਸ਼ਨ ਜੀ ਤ੍ਰਿਭੰਗੀ ਸਨ ਉਸੇ ਤਰਾਂ ਮੇਰੀਆਂ ਗਲਾਂ ਭੀ ਤ੍ਰਿਭੰਗੀ ਹੁੰਦੀਆਂ ਹਨ। ਹਾਂ ਤੁਸਾਂ ਠੀਕ ਕਿਹਾ ਹੈ ਕਿ ਸੜਕ ਤੇ ਖਲੋਣਾ ਭਲੇ ਆਦਮੀਆਂ ਦਾ ਕੰਮ ਨਹੀਂ ਹੈ ਸੋ ਥੋੜੀ ਦੂਰ ਹੋਰ ਅਗੇ ਚਲੋ ਚਲੋ ਨਦੀ ਦੇ ਕੰਢੇ ਚਲ ਬੈਠਦੇ ਹਾਂ ਓਥੇ ਚਲਕੇ ਮੇਰੀਆਂ ਗਲਾਂ ਇਸਤਰਾਂ ਧਿਆਨ ਲਾਕੇ ਸੁਣੋ ਜਿਵੇਂ ਬੀਮਾਰ ਲੋਕ ਹਕੀਮ ਦੇ ਮੂੰਹੋਂ ਸੁਣਦੇ ਹਨ ਛੇਤੀ ਕਰੋ ਅਜੇਹਾ ਨ ਹੋਵੇ ਕਿ ਬੀਹੇਂ ਦ੍ਰਸ਼ਿੰਘ ਦੇ ਇਯਾਰ ਆ ਪਹੁੰਚਣ।

ਨਾਨਕ—(ਕ੍ਰੋਧ ਨਾਲ) ਬਸ ਬਸ ਖਿਮਾ ਕਰੋ, ਮੈਂ ਤੁਹਾਡੀਆਂ ਗਲਾਂ ਸੁਣਨ ਤੋਂ ਦੂਰ ਹਾਂ, ਮੈਂ ਆਪੇ ਆਪਣੀ ਆਉਣ ਵਾਲੀ ਵਿਪਤਾ ਦਾ ਪਤਾ ਲੈ ਲਵਾਂਗਾ, ਪਰ ਤੁਹਾਡੀਆਂ ਦ੍ਰੋਪਦੀ ਦੇ ਚੀਰ ਵਾਂਗ ਨ ਮੁਕਣ ਵਾਲੀਆਂ ਗਲਾਂ ਮੁਕਣ ਵਿਚ ਨਹੀਂ ਆਉਂਦੀਆਂ।

ਨਕਾਬਪੋਸ਼—(ਹੱਸਕੇ) ਸ਼ਾਬਾਸ਼! ਸ਼ਾਬਾਸ਼! ਜੀਉਂਦੇ ਰਹੋ ਹੁਣ ਮੈਂ ਬਹੁਤ ਪ੍ਰਸੰਨ ਹਾਂ ਕਿਉਂ ਜੋ ਹੁਣ ਤੂੰ ਭੀ ਆਪਣੀਆਂ

ਗਲਾਂ ਵਿਚ ਉਪਮਾ ਅਲੰਕਾਰ ਦੀ ਗੰਗ ਤੋੜਣ ਲਗ ਪਿਆ ਹੈਂ ਸੱਚੀ ਗੱਲ ਤਾਂ ਇਹ ਹ ਕਿ ਤੇਰਾ ਖਿਝਣਾ ਓਤਨਾ ਚੰਗਾ ਲਗਦਾ ਹੈ ਜੇਹਾਕੁ ਭੁਖਦੇ ਵੇਲੇ ਮੈਨੂੰ ਮੋਤੀਚੂਰ ਲਡੂ ਲਗਦੇਹਨ।

ਨਾਨਕ—ਤਾਂ ਸਿੱਧੀਤਰਾਂ ਕਿਉਂ ਨਹੀਂ ਕਹਿੰਦੇ ਕਿ ਭੁਖ ਲਗੀ ਹੈ ਅਰ ਬਿਨਾਂ ਖਾਧੇ ਦੇ ਕੁਛ ਦਸਿਆ ਨਹੀਂ ਜਾਂਦਾ।

ਨਕਾਬਪੋਸ਼—ਠੀਕ ਹੈ ਤੂੰ ਠੀਕ ਸਮਝਿਆ ਹੈ ਮੈਂ ਏਹੋ ਚਾਹੁੰਦਾ ਸੀ ਕਿ ਤੇਰੇ ਘਰ ਦੱਖਣਾ ਸਹਿਤ ਭੋਜਨ ਕਰਾਂਗਾ ਅਰ ਫੇਰ ਤੈਨੂੰ ਓਹ ਸਭ ਗਲਾਂ ਦਸਾਂਗਾ ਜਿਸਦੇ ਕਾਰਨ ਤੂੰ ਕੁੰਭੀ ਨਰਕ ਵਿਚ ਪਿਆ ਰਹੇਂਗਾ, ਪਰ ਬੂਹੇ ਅਗੇ ਪਹੁੰਚਦਿਆਂ ਹੀ ਕੋੜਾ ਪਾਟਗਿਆ ਤੇ ਅਜੇਹਾ ਸੜਿਆ ਹੋਇਆ ਮਦਾਰ ਨਿਕਲਿਆ ਕਿ ਨਕ ਸੜ ਗਿਆ, ਹੁਣ ਤੂੰ ਇਸ ਯੋਗ ਨਹੀਂ ਰਿਹਾ ਕਿ ਤੇਰੇ ਹਥ ਦਾ ਪਾਣੀ ਭੀ ਪੀਤਾ ਜਾਵੇ ਪਰ ਹਣਾ ਜਿਸ ਕੰਮ ਲਈ ਅਸੀ ਆਏ ਹਾਂ ਸੋ ਜਰੂਰ ਪੂਰਾ ਕਰਾਂਗੇ ਪਰ ਨਹੀਂ ਹੁਣ ਤੇਰੇ ਨਾਲ ਮਿਤ੍ਰਤਾ ਭੀ ਨਹੀਂ ਰਖਣੀ ਚਾਹੀਦੀ ਸੋ ਜੋ ਕੁਛ ਤੂੰ ਸੁਣ ਚੁਕਾ ਹੈਂ ਓਸ ਤੋਂ ਆਪਣਾ ਪ੍ਰਯੋਜਨ ਸਿੱਧ ਕਰ ਲੈ ਅਰ ਜੋ ਤੈਥੋਂ ਹੋ ਸਕੇ ਸੋ ਕਰ।

ਇਹ ਕਹਿਕੇ ਨਕਾਬਪੋਸ਼ ਤੁਰਪਿਆ, ਨਾਨਕ ਨੇ ਉਸਨੂੰ ਬਥੇਰਾ ਸਮਝਾਇਆ ਤੇ ਰੋਕਣਾ ਚਾਹਿਆ ਪਰ ਓਸਨੇ ਇਕ ਨ ਸੁਣੀ ਤੇ ਸਿੱਧਾ ਨਦੀ ਵਲੇ ਤੁਰਪਿਆ, ਨਾਨਕ ਭੀ ਆਪਣੇ ਭਾਗਾਂ ਨੂੰ ਝੂਰਦਾ ਹੋਇਆ ਘਰ ਨੂੰ ਮੁੜਿਆ, ਘਰ ਆਕੇ ਓਸਨੂੰ ਪਤਾ ਲਗਾ ਕਿ ਉਸਦਾ ਜਵਾਨ ਪ੍ਰਾਹੁਣਾ ਭੀ ਆਪਣੇ ਸੱਦੇ ਦਾ ਚੰਗੀਤਰਾਂ ਆਨਦ ਲੈਕੇ ਹੁਣੇ ਹੀ ਗਿਆ ਹੈ।

ਪੰਜਵਾਂ ਕਾਂਡ

ਅਸੀਂ ਪਿਛਲੇ ਛੀਵੇਂ ਭਾਗ ਦੇ ਪੰਜਵੇਂ ਕਾਂਡ ਵਿਚ ਲਿਖ ਆਏ ਹਾਂ ਕਿ ਕਮਲਨੀ ਨੇ ਜਦ ਕਮਲਾ ਨੂੰ ਮਾਲਾ ਵਾਲੀ ਦੀ ਬੇਇੱਜ਼ਤੀ ਕੀਤੀ ਸੀ ਤਾਂ ਕਿਹਾ ਸੀ ਕਿ ਹੁਣ ਤੂੰ ਸਿਧੀ ਰੋਹਤਾਸ ਗੜ੍ਹ ਚਲੀ ਜਾਹ ਤੇ ਕਿਸ਼ੋਰੀ ਦੀ ਛੁੱਤ ਵਿਚ ਫਿਰਨਾ ਛਡਕੇ ਓਥੇ ਕਿਲ੍ਹ ਵਿਚ ਬੈਠੀ ਰਹੁ। ਕਮਲਾ ਨੇ ਏਹ ਗਲ ਮੰਨ ਲਈ ਅਤੇ ਬੀਰੇਂਦ੍ਰ ਸਿੰਘ ਦੇ ਚੁਨਾਰ ਚਲੇ ਜਾਣ ਦੇ ਪਿਛੋਂ ਓਹ ਪ੍ਰਮੇਸ਼ਰ ਤੇ ਭਰੋਸਾ ਕਰਕੇ ਰੋਹਤਾਸ ਗੜ੍ਹ ਬੈਠੀ ਰਹੀ।

ਕਮਲਾ ਦੇ ਆਉਣ ਤੋਂ ਪਹਿਲਾਂ ਰੋਹਤਾਸਗੜ੍ਹ ਦੇ ਜਨਾਨੇ ਮਹਲ ਸੁੰਞੇ ਪਏ ਸਨ ਪਰ ਜਦ ਤੋਂ ਕਮਲਾ ਆਈ ਸੀ ਰਾਜਾ ਬੀਰੇਂਦ੍ਰ ਸਿੰਘ ਜੀ ਨੇ ਓਸਦੇ ਵਾਸਤੇ ਵੀਹ ਪੰਜੀ ਇਸਤ੍ਰੀਆਂ ਦਾਸੀਆਂ ਰਖ ਦਿਤੀਆਂ ਸਨ, ਰਾਜਾ ਬੀਰੇਂਦ੍ਰ ਸਿੰਘ ਨੇ ਭੀ ਤੁਰਦੀ ਵਾਰੀ ਕਮਲਾ ਨੂੰ ਤਾਕੀਦ ਕੀਤੀ ਸੀ ਕਿ ਹੁਣ ਤੂੰ ਆਪਣੀ ਏਯਾਰੀ ਛਡਕੇ ਕਿਲ੍ਹੇ ਵਿਚ ਬੈਠਾ ਕਰੀਂ, ਜੇ ਚੌਹਾਂ ਪਾਸਿਆਂ ਦੀ ਖਬਰ ਲਏ ਦੇ ਬਿਨਾ ਮਨ ਨਾ ਮੰਨੇ ਤਾਂ ਜੋ ਸਾਡੇ ਜਾਸੂਸ ਜੋਤਸ਼ੀ ਜੀ ਦੇ ਮਤੈਬਤ ਹਨ ਉਨ੍ਹਾਂ ਨੂੰ ਦਯਰ ਓਧਰ ਭੇਜਕੇ ਖਬਰ ਮੰਗਾਉਂਦੀ ਰਹੀ, ਜੋਤਸ਼ੀ ਜੀ ਨੇ ਭੀ ਤਦ ਤੋਂ ਵਚੀਕ ਕਮਲਾ ਦੀ ਖਾਤ ਰੋਤੀ ਤੇ ਉਸਨੂੰ ਖਬਰਾਂ ਦਾ ਭੇਤ ਜਾਸੂਸਾਂ ਦੀ ਰਾਹੀਂ ਮਿਲਦਾ ਰਿਹਾ।

ਅੱਜ ਬਹੁਤ ਚਿਰ ਦੇ ਪਿਛੋਂ ਕਮਲਾ ਹਸਦੀ ਦਿਸੀ ਹੈ, ਅਜ ਓਹ ਬਹੁਤ ਹੀ ਪ੍ਰਸੰਨ ਹੈ ਏਥੋਂ ਤਕ ਕਿ ਅਜ ਓਸਦੀ ਖੁਸ਼ੀ ਦੀ ਕਈ ਹਦ ਨਹੀਂ ਕਿਉਂਕਿ ਅਜ ਪੰਡਤ ਜਗਨਨਾਥ

ਜੋਤਸ਼ੀ ਨੇ ਇਕ ਤੇਜ ਸਿੰਘ ਦੀ ਭੇਜੀ ਹੋਈ ਚਿਠੀ ਉਸਨੂੰ ਦਿਤੀ ਜੋ ਜਿਸ ਵਿਚ ਲਿਖਿਆ ਸੀ:-

"ਮੇਰੇ ਪਿਆਰੇ ਮਿਤ੍ਰ ਜੋਤਸ਼ੀ ਜੀ !

ਅਜ ਸਾਡੇ ਲਈ ਬੜੀ ਪ੍ਰਸੰਨਤਾ ਦਾ ਦਿਨ ਹੈ ਇਸ ਲਈ ਕਿ ਅਸੀ ਏਜਾਰ ਕਿਸ਼ੋਰੀ, ਕਾਮਨੀ, ਕਮਲਨੀ, ਲਾਡਲੀ ਤੇ ਤਾਰਾਂ ਨੂੰ ਨਾਲ ਲੈਕੇ ਰੋਹਤਾਸ ਗੜ੍ਹ ਵਲ ਆ ਰਹੇ ਹਾਂ ਮੈ ਨਿਖੇਂ ਤਕ ਛੋਟੀ ਹੋਸਕੇ ਕੁਛ ਪਾਲਕੀਆਂ, ਰਥ ਤੇ ਕੁਛ ਹੋਰੀ ਸਮਾਨ ਨਾਲ ਲੈਕੇ ਆਪ "ਤਹਨ" ਪਹਾੜੀ ਦੇ ਹੇਠਾਂ ਸਾਨੂੰ ਮਿਲੋ ॥"

ਤੁਹਾਡਾ ਮਿਤ੍ਰ ਤੇਜ ਸਿੰਘ

ਇਹ ਚਿਠੀ ਪੜ੍ਹਕੇ ਕਮਲਾ ਅਤਯੰਤ ਖ਼ੁਸ਼ ਹੋਈ ਇਥੋਂ ਤਕ ਉਸਦੀਆਂ ਅਖਾਂ ਵਿਚੋਂ ਅਥਰੂ ਕਿਰਨ ਲਗ ਪਏ, ਗਲ ਭਿਆ ਤੇ ਬਹੁਤ ਚਿਰ ਤਕ ਉਸਦੇ ਮੰਹੋਂ ਇਕ ਰੱਲ ਤਕ ਨ ਨਿਕਲੀ। ਫੇਰ ਉਸਨੇ ਕਿਹਾ:-

ਕਮਲਾ-ਇਹ ਚਿਠੀ ਆਪਨੂ ਕਦੋਂ ਮਿਲੀ ਹੈ ? ਤੇ ਆਪ ਅਜੇ ਤਕ ਗਏ ਕਿਉਂ ਨਹੀਂ ?

ਜੋਤਸ਼ੀ-ਇਹ ਚਿੱਠੀ ਮੈਨੂੰ ਹੁਣੇ ਮਿਲੀ ਹੈ ਅਤ ਮੈਂ ਇਸਦੇ ਲਿਖੇ ਅਨੁਸਾਰ ਪ੍ਰਬੰਧ ਕਰਨ ਦਾ ਹੁਕਮ ਦੇਕੇ ਤੈਨੂੰ ਖਬਰ ਕਰਨ ਲਈ ਆਯਾ ਹਾਂ ਤੇ ਹੁਣੇ ਚਲਾ ਜਾਵਾਂਗਾ ॥

ਕਮਲਾ-ਆਪਨੇ ਬਹੁਤ ਚੰਗਾ ਕੀਤਾ ਹੈ, ਮੈਂ ਭੀ ਜਰੂਰ ਆਪ ਦੇ ਨਾਲ ਚਲਾਂਗੀ, ਮੇਰੇ ਵਾਸਤੇ ਭੀ ਪਾਲਕੀ ਦਾ ਪ੍ਰਬੰਧ ਕਰੋ ਕਿਉਂਕਿ ਅਜੇਹੇ ਸਮੇਂ ਦੂਸਰੇ ਭੇਸ ਵਿਚ ਜਾਣ ਨਾਲ ਮਾਲਕ ਦੀ ਇੱਜ਼ਤ ਨੂੰ ਵੱਟਾ ਲਗਦਾ ਹੈ।

ਜੋਤਸ਼ੀ-ਠੀਕ ਹੈ, ਮੈਂ ਪਹਿਲਾਂ ਹੀ ਸੋਚ ਚੁਕਾ ਸੀ ਕਿ

ਤੂੰ ਨਾਲ ਜਰੂਰ ਚਲੇਂਗੀ ਸੋ ਮੈਂ ਤੇਰੇ ਵਾਸਤੇ ਭੀ ਪਾਲਕੀ ਦਾ ਪ੍ਰਬੰਧ ਕਰ ਲਿਆ ਹੈ ਪਾਲਕੀ ਤੇਉਢੀ ਤੇ ਆ ਚੁਕੀ ਹੋਵੇਗੀ ਸੋ ਹੁਣ ਤੂੰ ਝੱਟ ਪਟ ਤਿਆਰ ਹੋ ਜਾਹ ਕਮਲਾ ਤੁਰਤ ਤਿਆਰ ਹੋ ਗਈ ਅਰ ਜੋਤਸ਼ੀ ਨੇ ਭੀ ਤੇਜ ਸਿੰਘ ਦੇ ਲਿਖੇ ਅਨੁਸਾਰ ਝਟ ਪਟ ਪਰਬੰਧ ਕਰ ਲਿਆ। ਇਕ ਘੰਟੇ ਦੇ ਅੰਦਰ ਹੀ ਪੰਜ ਸੌ ਸਵਾਰ ਸੋਨੇ ਚਾਂਦੀ ਦੇ ਕੰਮ ਵਾਲੀਆਂ ਪਾਲਕੀਆਂ ਲਈ "ਭਰਨਾ" ਪਹਾੜੀ ਵਲ ਜਾਂਦੇ ਦਿਸੇ ਅਰ ਇਕ ਪਹਿਰ ਭਰ ਪਿਛੋਂ ਓਹ "ਭਰਨਾ" ਪਹਾੜੀ ਦੇ ਪਾਸ ਜਾ ਪਹੁੰਚੇ, ਤੇਜ ਸਿੰਘ ਕਿਸ਼ੋਰੀ, ਕਾਮਨੀ ਆਦਿਕ ਨੂੰ ਇਕ ਗੁਫਾ ਵਿਚ ਬੈਠਾਕੇ ਤੇਜਸਿੰਘ, ਬਲਭੱਦਰ ਸਿੰਘ ਤੇ ਏਜਾਰਾਂ ਨੂੰ ਨਾਲ ਲੈਕੇ ਬੈਠਾ ਜੋਤਸ਼ੀ ਜੀ ਨੂੰ ਉਡੀਕ ਰਿਹਾ ਸੀ। ਤੇਜ ਸਿੰਘ ਤੇ ਏਜਾਰ ਬੜੀ ਖੁਸ਼ੀ ਨਾਲ ਜੋਤਸ਼ੀ ਜੀ ਨੂੰ ਮਿਲੇ, ਕਮਲਾ ਦੀ ਪਾਲਕੀ ਉਸ ਗੁਫਾ ਦੇ ਪਾਸ ਪੁਚਾਈ ਜਿਸ ਵਿਚ ਕਿਸ਼ੋਰੀ ਆਦਿਕ ਸਨ ਅਰ ਕਹਾਰ ਲੋਗ ਹਟਾਏ ਗਏ।

ਓਹ ਗੁਫਾ ਕੋਈ ਅਜੇਹੀ ਨਹੀਂ ਸੀ ਜਿਸ ਵਿਚ ਕਿਸ਼ੋਰੀ ਆਦਿਕ ਨੂੰ ਕੋਈ ਤਕਲੀਫ ਹੁੰਦੀ ਅਰ ਚਾਨਣ ਭੀ ਬਹੁਤ ਪਹੁੰਚਦਾ ਸੀ, ਤਾਰਾ ਸਿੰਘ ਦੀ ਜ਼ਬਾਨੀ ਜਦ ਕਿਸ਼ੋਰੀ ਨੇ ਇਹ ਸੁਣਿਆਂ ਕਿ ਕਮਲਾ ਕੀਆਈ ਹੈ ਤਾਂ ਓਹ ਉਸਨੂੰ ਮਿਲਣ ਲਈ ਵਿਆਕੁਲ ਹੋ ਗਈ, ਕਮਲਾ ਦੇ ਪਾਲਕੀ ਵਿਚੋਂ ਨਿਕਲਦਿਆਂ ਨੂੰ ਕਿਸ਼ੋਰੀ ਓਥੇ ਪਹੁੰਚ ਗਈ ਅਰ ਦੋਵੇਂ ਜਣੀਆਂ ਬੜੀਆਂ ਪਿਆਰ ਨਾਲ ਗਲ ਮਿਲੀਆਂ ਦੋਵੇਂ ਗਲ ਮਿਲਕੇ ਰੋਣ ਲਗ ਪਈਆਂ, ਕਮਲਨੀ ਨੇ ਦੋਹਾਂ ਨੂੰ ਵਖੋ ਵਖ ਕੀਤਾ, ਫੇਰ ਕਮਲਾ, ਕਮਲਨੀ ਕਾਮਨੀ, ਲਾਡਲੀ ਤੇ ਤਾਰਾ ਦੇ ਗਲ ਵਾਰੀ ਵਾਰੀ ਮਿਲੀ

ਭਾਵੇਂ ਇਨਾਂ ਨੂੰ ਪਤਾ ਲਗ ਚੁਕਾ ਸੀ ਕਿ ਕਮਲਾ ਭੂਤਨਾਥ ਦੀ ਧੀ ਹੈ ਪਰ ਇਨਾਂ ਦਾ ਮਨ ਕਮਲਾ ਵਲੋਂ ਕੁਛ ਮੈਲਾ ਨਹੀਂ ਸੀ ਇਸੇ ਲਈ ਇਨਾਂ ਸਭਨਾਂ ਦੇ ਮਨ ਵਿਚ ਕਮਲਾ ਨੂੰ ਦੇਖ-ਦਿਆਂ ਓਹ ਪਰੇਮ ਉਤਪੰਨ ਹੋਇਆ ਜੋ ਇਕ ਸਚੇ ਪਰੇਮੀ ਦੇ ਮਨ ਵਿਚ ਹੋਣਾ ਚਾਹੀਦਾ ਹੈ। ਪਰੰਤੂ ਕਮਲਾ ਨੂੰ ਅਜੇ ਤਕ ਇਸ ਗਲ ਦਾ ਪਤਾ ਨਹੀਂ ਕਿ ਓਹ ਉਸ ਭੂਤਨਾਥ ਦੀ ਧੀ ਹੈ ਜਿਸਨੇ ਬੜੇ ਬੜੇ ਅਪਰਾਧ ਕੀਤੇ ਹੋਏ ਹਨ॥

ਅਜੇ ਇਹ ਸਭੇ ਬੈਠੀਆਂ ਪਰੇਮ ਭਰੀਆਂ ਗਲਾਂ ਕਰ ਹੀ ਰਹੀਆਂ ਸਨ ਕਿ ਤੇਜ ਸਿੰਘ ਓਥੇ ਆ ਪਹੁੰਚਾ ਅਰ ਬੋਲਿਆ ਬਹੁਤ ਛੇਤੀ ਤਿਆਰ ਹੋ ਜਾਓ ਤਾਂ ਕਿ ਸੂਰਜ ਡੁੱਬਣ ਤੋਂ ਪਹਿਲਾਂ ਪਹਿਲਾਂ ਰੋਹਤਾਸ ਗੜ੍ਹ ਪਹੁੰਚ ਜਾਈਏ। ਫੇਰ ਪਾਲਕੀਆਂ ਚੁਫਾ ਦੇ ਅਗੇ ਰਖੀਆਂ ਗਈਆਂ, ਤਾਰਾ, ਕਮਲਨੀ, ਲਾਡਲੀ ਕਿਸ਼ੋਰੀ, ਕਾਮਨੀ ਤੇ ਕਮਲਾ ਵਿਚ ਚੜ੍ਹ ਬੈਠੀਆਂ, ਕਹਾਰਾਂ ਨੇ ਪਾਲਕੀਆਂ ਚੁਕ ਲਈਆਂ ਤੇ ਖੁਸ਼ੀ ਖੁਸ਼ੀ ਸਭੇ ਰੋਹਤਾਸ ਗੜ੍ਹ ਵਲ ਤੁਰ ਪਏ।

ਦੀਵੇਂ ਜਗਣ ਤੋਂ ਪਹਿਲਾਂ ੨ ਇਹ ਲੋਕ ਰੋਹਤਾਸਗੜ੍ਹ ਜਾ ਪਹੁੰਚੇ, ਕਿਲੇ ਦੇ ਜਨਾਨੇ ਮਹਿਲ ਵਿਚ ਅੱਜ ਫੇਰ ਰੌਣਕ ਹੋ ਗਈ ਪਰ ਉਸਦੇ ਜਨਾਨੇ ਮਹਿਲ ਵਿਚ ਪੈਰ ਰਖਦਿਆਂ ਹੀ ਕਿਸ਼ੋਰੀ ਦਾ ਕਲੇਜਾ ਕੰਬ ਉਠਿਆ ਕਿਉਂਕਿ ਅੱਜ ਉਸਨੇ ਫੇਰ ਓਸੇ ਕਮਰੇ ਵਿਚ ਪੈਰ ਪਾਇਆ ਜਿਸ ਵਿਚ ਓਹ ਅਗੇ ਲਾਚਾਰੀ ਦੀ ਦਸ਼ਾ ਵਿਚ ਰੋਹਗਈ ਸੀ ਅਰ ਬਹੁਤ ਤਰਾਂ ਦੇ ਦੁਖ ਝੱਲਚੁਕੀ ਸੀ, ਇਸਦੇ ਨਾਲ ਹੀ ਓਸਨੂੰ ਲਾਲੀ ਤੇ ਕੁੰਦਨ ਦੀਆਂ ਗਲਾਂ ਯਾਦ ਆ ਗਈਆਂ, ਨਿਰੀ ਕਿਸ਼ੋਰੀ ਹੀ ਨੂੰ ਨਹੀਂ ਸਗੋਂ ਲਾਡਲੀ

ਨੂੰ ਭੀ ਓਹ ਵੇਲਾ ਯਾਦ ਆ ਗਿਆ ਕਿਉਂਕਿ ਓਹੋ ਹੀ ਲਾਲੀ ਬਣੀ ਹੋਈ ਏਥੇ ਰਹਿੰਦੀ ਸੀ ਜਦੋਂ ਕਿਸ਼ੋਰੀ ਏਥੇ ਵਿਪਤਾ ਦੇ ਦਿਨ ਕੱਟ ਰਹੀ ਸੀ, ਲਾਡਲੀ ਨੂੰ ਕਿਸ਼ੋਰੀ ਨੂੰ ਪਛਾਣ ਦੀ ਸੀ ਪਰੰਤੂ ਕਿਸ਼ੋਰੀ ਨੂੰ ਕੋਈ ਪਤਾ ਨਹੀਂ ਸੀ ਕਿ ਲਾਲੀ ਸਚ ਮੁਚ ਓਹੋ ਲਾਡਲੀ ਸੀ ਜੋ ਹੁਣ ਸਡੇ ਨਾਲ ਮਹਲ ਵਿਚ ਪਰਵੇਸ਼ ਕਰ ਰਹੀ ਹੈ।

ਮਹਲ ਵਿਚ ਪੈਰ ਰਖਦਿਆਂ ਹੀ ਕਿਸ਼ੋਰੀ ਨੂੰ ਓਹ ਪੁਰਾਣੀਆਂ ਗਲਾਂ ਯਾਦ ਆ ਗਈਆਂ ਇਸ ਲਈ ਉਸਦੇ ਸੁੰਦਰ ਮੁਖੜੇ ਤੇ ਕੁਝ ਉਦਾਸੀ ਝਲਕਣ ਲਗ ਪਈ, ਨਾਲ ਹੀ ਪੁਰਾਣੀਆਂ ਗਲਾਂ ਯਾਦ ਆ ਜਾਣ ਕਰ ਕੇ ਲਾਡਲੀ ਦੀ ਨਜ਼ਰ ਭੀ ਕਿਸ਼ੋਰੀ ਦੇ ਉਪਰ ਜਾ ਪਈ ਅਰ ਉਸਨੂੰ ਉਦਾਸ ਦੇਖਕੇ ਸਮਝ ਗਈ ਕਿ ਇਸਨੂੰ ਪੁਰਾਣੀਆਂ ਗਲਾਂ ਯਾਦ ਆ ਗਈਆਂ ਹਨ, ਇਨ੍ਹਾਂ ਹੀ ਗਲਾਂ ਨੂੰ ਸੋਚਕੇ ਤੇ ਆਪਣੇ ਆਪ ਨੂੰ ਅਰ ਕਿਸ਼ੋਰੀ ਨੂੰ ਮਾਲਕਾਂ ਵਾਂਗ ਕਿਲੇ ਵਿਚ ਆਉਂਦਿਆਂ ਦੇਖਕੇ ਲਾਡਲੀ ਨੂੰ ਹਾਸਾ ਆ ਗਿਆ ਓਨਾਂ ਬਥੇਰਾ ਰੋਕਿਆ ਕਿ ਹਾਸੇ ਨੂੰ ਰੋਕੇ ਪਰ ਨ ਹੋ ਸਕਿਆ ਤੇ ਓਹ ਖਿੜ ਖਿੜਾਂਕੇ ਹੱਸ ਪਈ ਜਿਸ ਕਰਕੇ ਕਿਸ਼ੋਰੀ ਨੂੰ ਬੜਾ ਅਚੰਭਾ ਹੋਯਾ ਅਰ ਉਸਨੇ ਲਾਡਲੀ ਤੋਂ ਪੁਛਿਆ:-

ਕਿਸ਼ੋਰੀ-ਕਿਉਂ ਭੈਣ ਤੈਨੂੰ ਹਾਸਾ ਕਿਸ ਗਲ ਤੇ ਆਇਆ ਹੈ ?

ਲਾਡਲੀ-ਐਂਵੇ ਹੀ ਹਾਸਾ ਆਇਆ ਹੈ।

ਕਿਸ਼ੋਰੀ-ਇਹ ਗਲ ਨਹੀਂ, ਇਸ ਵਿਚ ਜਰੂਰ ਕੋਈ ਭੇਤ ਹੈ ਕਿਉਂਕਿ ਕਈਆਂ ਦਿਨਾਂ ਤੋਂ ਅਸੀ ਤੁਸੀ ਕੱਠੇ ਹਾਂ,

ਏਤਨੇ ਦਿਨਾਂ ਵਿਚ ਤੁਹਾਨੂੰ ਕਦੇ ਹਸਦਿਆਂ ਨਹੀਂ ਦੇਖਿਆ ਸਚ ਦਸੋ ਕੀ ਗਲ ਹੈ ?

ਲਾਡਲੀ-ਤੁਹਾਨੂੰ ਅਨੋਖੇ ਢੰਗ ਨਾਲ ਏਧਰ ਓਧਰ ਦੇਖਦਿਆਂ ਵੇਖਕੇ ਹਾਸਾ ਆ ਗਿਆ।

ਕਿਸ਼ੋਰੀ-ਨਹੀਂ ਇਹ ਭੀ ਝੂਠ ਹੈ ਸੱਚੀ ਗਲ ਦਸੋ।

ਕਮਲਨੀ-ਮੈਂ ਸਮਝ ਗਈ ਹਾਂ, ਭੈਣ ਤੂੰ ਮੈਨੂੰ ਪੁਛ, ਮੈ ਤੈਨੂੰ ਦਸਦੀ ਹਾਂ ਸਚ ਮਚ ਲਾਡਲੀ ਦੇ ਹਸਣ ਦਾ ਕਈ ਹੋਰ ਹੀ ਕਾਰਨ ਹੈ ਜੋ ਓਹ ਸ਼ਰਮ ਦੇ ਕਾਰਨ ਨਹੀਂ ਦਸਦੀ।

ਕਿਸ਼ੋਰੀ-(ਕਮਲਨੀ ਦਾ ਹਥ ਫੜਕ) ਚੰਗਾ ਭੈਣ ਤੂੰ ਹੀ ਦਸ ਜੁ ਕੀ ਗੱਲ ਹੈ?

ਕਮਲਨੀ-ਇਸਦੇ ਹੱਸਣ ਦਾ ਇਹ ਕਾਰਨ ਹੈ ਕਿ ਜਿਨਾਂ ਦਿਨਾਂ ਵਿਚ ਤੂੰ ਏਥੇ ਵਿਪਤਾ ਦੇ ਦਿਨ ਕੱਢ ਰਹੀ ਸੀ ਓਨਾਂ ਦਿਨਾਂ ਵਿਚ ਲਾਡਲੀ ਭੀ ਏਥੇ ਰਹਿੰਦੀ ਸੀ ਅਰ ਤੇਰਾ ਇਸਦਾ ਬਹੁਤ ਮੇਲ ਮਿਲਾਪ ਸੀ।

ਕਿਸ਼ੋਰੀ-(ਹੈਰਾਨੀ ਨਾਲ) ਭੈਣ ਤੂੰ ਭੀ ਠੱਠਾ ਕਰਦੀ ਹੈਂ ਕੀ ਮੈਂ ਅਜੇਹੀ ਮੂਰਖ ਹਾਂ ਕਿ ਮਹੀਨਿਆਂ ਤਕ ਇਹ ਮੇਰੇ ਨਾਲ ਰਹੇ ਤੇ ਮੈਂ ਇਸਨੂੰ ਪਛਾਣ ਨਾ ਸਕਾਂ ?

ਕਮਲਨੀ-(ਹੱਸਕੇ ਮੈਂ ਇਹ ਤਾਂ ਨਹੀਂ ਕਹਿੰਦੀ ਕਿ ਓਨਾਂ ਦਿਨਾਂ ਵਿਚ ਲਾਡਲੀ ਆਪਣੀ ਅਸਲੀ ਸੂਰਤ ਵਿਚ ਸੀ, ਸਗੋਂ ਮੇਰਾ ਭਾਵ "ਲਾਲੀ" ਤੋਂ ਹੈ ਵਾਸਤਵ ਵਿਚ ਏਹੋ ਲਾਡਲੀ ਓਨਾਂ ਦਿਨਾਂ ਵਿਚ ਲਾਲੀ ਬਣੀ ਹੋਈ ਸੀ।

ਕਿਸ਼ੋਰੀ-(ਹੈਰਾਨੀ ਨਾਲ ਲਾਡਲੀ ਦਾ ਹੱਥ ਫੜਕੇ) ਕਿਉਂ ਭੈਣ ! ਕੀ ਇਹ ਗਲ ਠੀਕ ਹੈ ?

ਲਾਡਲੀ-ਇਸਦੇ ਉਤੇ ਵਿਚ ਹਾਂ ਕਹਦਿਆਂ ਮੈਨੂੰ ਸ਼ਰਮ ਆਉਂਦੀ ਹੈ, ਸ਼ੋਕ ਕਿ ਓਨਾਂ ਦਿਨਾਂ ਵਿਚ ਮੇਰੀ ਨੀਯਤ ਅਜ ਵਰਗੀ ਨਹੀਂ ਸੀ ਕਿਉਂਕਿ ਉਸ ਸਮੇਂ ਮੈਂ ਨੀਚਨੀ ਮਾਯਾ ਰਾਣੀ ਦੇ ਅਧੀਨ ਸਾਂ ਤੇ ਉਸਨੂੰ ਆਪਣੀ ਵਡੀ ਭੈਣ ਸਮਝਦੀ ਸਾਂ ਤੇ ਉਸੇਦੀ ਆਗਿਆ ਅਨੁਸਾਰ ਇਕ ਕੰਮ ਲਈ ਏਥੇ ਆਈ ਸਾਂ।

ਕਿਸ਼ੋਰੀ-ਓਹੋ ਹੋ, ਤਦ ਤਾਂ ਬੜੇ ਬੜੇ ਭੇਤਾਂ ਦਾ ਪਤਾ ਲਗੇਗਾ ਜਿਨਾਂ ਨੂੰ ਯਾਦ ਕਰਕੇ ਮਨ ਬੇਚੈਨ ਹੋ ਜਾਂਦਾ ਸੀ ਹੁਣ ਤਾਂ ਮੈਂ ਬਹੁਤ ਕੁਛ ਤੈਥੋਂ ਪੁਛਾਂਗੀ ਅਤ ਤੈਨੂੰ ਸਭ ਕੁਛ ਦਸਣਾਂ ਪਵੇਗਾ।

ਕਮਲਨੀ-ਹਾਂ ਹਾਂ ਹੁਣ ਤੈਨੂੰ ਸਭ ਕੁਛ ਮਲੂਮ ਹੋ ਜਾਵੇਗਾ, ਘਬਰਾਉਂਦੀ ਕਿਉਂ ਹੈਂ ? ਈਸ਼ਵਰ ਦੀ ਕ੍ਰਿਪਾ ਨਾਲ ਹੁਣ ਅਸੀ ਉਸੇ ਥਾਂ ਆ ਪਹੁੰਚੇ ਹਾਂ ਜੋ ਕਦੇ ਸਾਡੇ ਵੈਰੀਆਂ ਦਾ ਘਰ ਸੀ ਤੇ ਹੁਣ ਉਸ ਪਰਮਾਤਮਾ ਦੀ ਦਯਾ ਨਾਲ ਸਾਡਾ ਘਰ ਹੋ ਗਿਆ ਹੈ। ਹੁਣ ਸਾਨੂੰ ਹੋਰ ਕੰਮ ਹੀ ਕੀ ਹੈ ਜੋ ਮਰਜੀ ਹੋਵੇਗੀ ਸੋ ਪੁੱਛ ਲਵੀਂ।

ਲਾਡਲੀ-(ਕਿਸ਼ੋਰੀ) ਜਰਾ ਪੈਂਤੇ ਦਾ ਬਕੇਵਾਂ ਹਟ ਜਾਣ ਦੇਵੋ ਘਬਰਾਓ ਨਾ, ਉਸਦੇ ਬਿਨਾਂ ਹੋਰ ਬਹੁਤ ਸਾਰੇ ਭੇਤ ਤੁਹਾਨੂੰ ਮਲੂਮ ਹੋਣਗੇ॥

ਛੀਵਾਂ ਕਾਂਡ

ਰਾਤ ਦਾ ਸਮਾਂ ਹੈ ਚਾਨਣੀ ਨਿੱਖਰੀ ਹੋਈ ਹੈ, ਅਕਾਸ ਤੇ ਕਿਤੇ ੨ ਬੱਦਲਾਂ ਦੇ ਟੁਕੜੇ ਫਿਰਦੇ ਨਜ਼ਰ ਆਉਂਦੇ ਹਨ, ਜਿਨ੍ਹਾਂ ਵਿਚ ਚੰਦ੍ਰਮਾ ਲੁਕਣ ਮੀਟੀ ਖੇਡ ਰਿਹਾ ਹੈ। ਅਜੇਹੇ ਸਮੇਂ ਰੋਹਤਾਸਗੜ੍ਹ ਕਿਲੇ ਦੀ ਸ਼ੋਭਾ ਬੜੀ ਸੁੰਦਰ ਮਲੂਮ ਹੁੰਦੀ ਹੈ। ਮਹਲ ਦੀ ਛੱਤ ਉੱਤੇ ਕਿਸ਼ੋਰੀ, ਕਾਮਨੀ, ਕਮਲਨੀ, ਲਾਡਲੀ ਤੇ ਲੱਛਮੀਦੇਵੀ ਅਰ ਕਮਲਾ ਟਹਲ ਰਹੀਆਂ ਹਨ, ਇਸ ਵੇਲੇ ਦੀ ਸ਼ੋਭਾ ਦਾ ਪ੍ਰਭਾਵ ਸਭਨਾਂ ਦੇ ਮਨ ਤੇ ਵੱਖੋ ਵੱਖ ਸੀ, ਕਮਲਨੀ ਆਪਣੇ ਹੀ ਧਿਆਨ ਵਿਚ ਸੀ, ਲਛਮੀਦੇਵੀ ਕਿਸੇ ਹੋਰ ਹੀ ਸੋਚ ਵਿਚ ਡੁੱਬੀ ਹੋਈ ਸੀ, ਲਾਡਲੀ ਭੀ ਕਿਸੇ ਸੰਭਵ ਅਸੰਭਵ ਗਲ ਵਿਚ ਪਈ ਹੋਈ ਸੀ, ਕਿਸ਼ੋਰੀ ਤੇ ਕਾਮਨੀ ਭੀ ਮਨ ਦੇ ਲੱਡੂ ਭੋਰ ਰਹੀਆਂ ਸਨ ਪਰ ਕਮਲਾ ਦੇ ਮਨ ਦਾ ਕੋਈ ਟਿਕਾਣਾ ਨਹੀਂ ਸੀ, ਜਦ ਤੋਂ ਉਸਨੇ ਇਹ ਸੁਣਿਆਂ ਹੈ ਕਿ ਭੂਤਨਾਥ ਨੂੰ ਡੜਕੇ ਰੋਹਤਾਸਗੜ੍ਹ ਕੈਦ ਕੀਤਾ ਗਿਆ ਹੈ, ਤਦ ਤੋਂ ਓਹ ਕਈ ਤਰਾਂ ਦੀਆਂ ਗਲਾਂ ਸੋਚ ਰਹੀ ਹੈ। ਇਹ ਭੂਤਨਾਥ ਅਸਲ ਵਿਚ ਕੌਣ ਹੈ ? ਇਸਨੇ ਕੀ ਅਪ੍ਰਾਧ ਕੀਤਾ ਹੈ ? ਬੀਰੇਂਦ੍ਰ ਸਿੰਘ ਦੇ ਯੋਧਾਰ ਲੋਕ ਪਹਿਲਾਂ ਤਾਂ ਇਸਤੇ ਪ੍ਰਸੰਨ ਸਨ ਹੁਣ ਅੱਚਣਚੇਤ ਕਿਉਂ ਗੁੱਸੇ ਹੋ ਗਏ ? ਤਾਰਾ ਨੂੰ ਕਦੇ ੨ ਲਛਮੀ ਦੇਵੀ ਕਿਉਂ ਆਖਦੇ ਹਨ ? ਹੁਣ ਕਮਲਨੀ ਤਾਰਾ ਦਾ ਅਦਬ ਕਿਉਂ ਕਰਦੀ ਹੈ ? ਇਨ੍ਹਾਂ ਗਲਾਂ ਨੂੰ ਸੋਚ-ਦਿਆਂ ਸੋਚਦਿਆਂ ਉਸਦਾ ਮਨ ਬੇਚੈਨ ਹੋ ਰਿਹਾ ਹੈ, ਪਰ ਅੱਜ ਤਕ ਕਿਸੇ ਨੇ ਇਨ੍ਹਾਂ ਗਲਾਂ ਦਾ ਕੋਈ ਹਾਲ ਨਹੀਂ ਛੇੜਿਆ,

ਹਾਂ ਅੱਜ ਇਸਤੇ ਗਲ ਬਾਤ ਕਰਨ ਦਾ ਇਕਰਾਰ ਹੈ ਅਰ ਕਮਲਾ ਇਹ ਦਾਓ ਤਾੜ ਰਹੀ ਹੈ ਕਿ ਇਹ ਆਰਾਮ ਨਾਲ ਬੈਠ ਜਾਣ ਤਾਂ ਮੈਂ ਗਲ ਛੇੜਾਂ।

ਘੰਟਾ ਕੁ ਭਰ ਇਹ ਏਧਰ ਓਧਰ ਫਿਰਕੇ ਬੈਠ ਗਈਆਂ ਤਾਂ ਕਮਲਾ ਨੇ ਕਿਸ਼ੋਰੀ ਨੂੰ ਕਿਹਾ—ਕਿਉਂ ਭੈਣ! ਭੂਤਨਾਥ ਤਾਂ ਈਰਾਂਦ ਸਿੰਘ ਰੇਈਆਰਾਂਨਾਲ ਮਿਲਕੇ ਕੰਮ ਕਰਦਾ ਸੀ ਅਰ ਸਭ ਉਸਤੇ ਪ੍ਰਸੰਨ ਸਨ ਫੇਰ ਅੱਜ ਇਹ ਕੇਹੜੀ ਗਲ ਹੋ ਗਈ ਜੋ ਉਹ ਕੈਦ ਕੀਤਾ ਗਿਆ?

ਕਿਸ਼ੋਰੀ—ਕਿਸਦਾ ਨਾਲ ਭੈਣ ਕਮਲਨੀ ਤੋਂ ਪੁਛੋ।

ਕਾਮਨੀ—ਹਾਂ ਠੀਕ ਹੈ ਕਿਉਂਕਿ ਓਹ ਏਹਨਾਂ ਦਾ ਏਜਾਰ ਸੀ ਤੇ ਇਨ੍ਹਾਂ ਦੀ ਆਗਿਆ ਅਨੁਸਾਰ ਕੰਮ ਕਰਦਾ ਸੀ।

ਕਮਲਾ—(ਹੱਸਕੇ) ਕਿਸੇ ਦਾ ਏਜਾਰ ਸੀ ਕਿਸੇ ਦਾ ਪਿਉ ਸੀ, ਇਸ ਨਾਲ ਕੀ ਪ੍ਰਯੋਜਨ? ਜੋ ਸੀ ਸੋ ਸੀ, ਹਣ ਤਾਂ ਕੋਈ ਉਸਨੂੰ ਆਪਣਾ ਏਜਾਰ ਬਣਾਉਣਾ ਪਸੰਦ ਨਹੀਂ ਕਰੇਗਾ ਤੇ ਨਾਹੀ ਉਸਨੂੰ ਕੋਈ ਆਪਣਾ ਪਿਉ ਮੰਨੇਗਾ।

ਕਿਸ਼ੋਰੀ—(ਹੱਸ ਕੇ) ਠੀਕ ਹੈ ਜਿਸ ਤਰਾਂ ਹੁਣ ਤੁਸੀ ਮਾਜਾਰਾਣੀ ਨੂੰ ਆਪਣੀ ਭੈਣ ਨਹੀਂ ਮੰਨਦੇ।

ਕਮਲਨੀ—ਨਹੀਂ ਨਹੀਂ, ਏਸ ਤਰਾਂ ਤੇ ਉਸ ਤਰਾਂ ਵਿਚ ਬੜਾ ਭੇਦ ਹੈ, ਦੁਸ਼ਟਾ ਮਾਜਾਰਾਣੀ ਤਾਂ ਸੱਚ ਮੁੱਚ ਸਾਡੀ ਭੈਣ ਨਹੀਂ ਹੈ।

ਕਮਲਾ—(ਹੈਰਾਨੀ ਨਾਲ) ਕੀ ਸੱਚ ਮੁਚ ਤੁਹਾਡੀ ਭੈਣ ਨਹੀਂ ਹੈ? ਫੇਰ ਤੁਸਾਂ ਮੈਨੂੰ ਕਿਉਂ ਕਿਹਾ ਸੀ ਕਿ "ਮਾਜਾਰਾਣੀ ਸਾਡੀ ਵਡੀ ਭੈਣ ਹੈ।"

ਕਮਲਨੀ—ਉਤਨਾ ਚਿਰ ਮੈਂ ਉਸਦਾ ਹਾਲ ਹਾਲ ਨਹੀਂ ਜਾਣਦੀ ਸੀ, ਜਿਸ ਤਰਾਂ ਤੂੰ ਭੂਤਨਾਥ ਦਾ ਅਸਲ ਹਾਲ ਨਹੀਂ ਜਾਣਦੀ ਅਰ ਜਦ ਜਾਣ ਜਾਵੇਂਗੀ ਤਾਂ ਪਤਾ ਨਹੀਂ ਜੋ ਤੇਰੇ ਮਨ ਦੀ ਕੀ ਦਸ਼ਾ ਹੋਵੇਗੀ, ਪਰ ਜੋ ਹੋਵੇ ਭੂਤਨਾਥ ਦਾ ਸੱਚਾ ਹਾਲ ਤੈਨੂੰ ਮਲੂਮ ਹੋ ਹੀ ਜਾਏਗਾ ਪਰ ਦੇਖ ਭੈਣ ਸੰਸਾਰ ਵਿਚ ਕੋਈ ਕਿਸੇ ਦੇ ਦੋਸ਼ ਦਾ ਭਾਗੀ ਨਹੀਂ ਹੋ ਸਕਦਾ ਪਰ ਬਣਾਉ ਵਿੱਚ ਸਹਾਇਤਾ ਕਰਦਾ ਹੈ, ਪਰਮਾਤਮਾ ਪਿਤਾ ਆਪਣੇ ਅਧਰਮੀ ਪੁੱਤ੍ਰ ਦੇ ਪਾਪ ਦਾ ਭਾਗੀ ਨਹੀਂ ਹੈ ਤੇ ਨਾ ਹੀ ਪਰਮਾਤਮਾ ਪੁੱਤ੍ਰ ਆਪਣੇ ਕਪਟੀ ਤੇ ਦੁਚੱਲਣ ਪਿਤਾ ਦੇ ਕਰਮਾਂ ਦਾ ਉੱਤਰ ਦਾਤਾ ਹੋ ਸਕਦਾ ਹੈ.....

ਕਮਲਾ—ਮੈਂ ਤੁਹਾਡੀ ਗਲ ਟੁੱਕਦੀ ਹਾਂ ਲੋਕ ਇਹ ਕਿਉਂ ਕਹਿੰਦੇ ਹਨ ਕਿ "ਬੁਰੇ ਦੇ ਸਾਥ ਨਾਲ ਭਲਾ ਭੀ ਬੁਰਾ ਹੋ ਜਾਂਦਾ ਹੈ।"

ਕਮਲਨੀ—ਠੀਕ ਹੈ ਪਰ ਜਿਥੋਂ ਤਕ ਮੈਂ ਸਮਝਦੀ ਹਾਂ ਕਿਸੇ ਬੁਰੇ ਆਦਮੀ ਦੀ ਸੰਗਤ ਨਾਲ ਭਲਾ ਆਦਮੀ ਬੁਰਾ ਨਹੀਂ ਹੋ ਸਕਦਾ, ਸਗੋਂ ਕਿਸੇ ਭਲੇ ਆਦਮੀ ਦੀ ਸੰਗਤ ਨਾਲ ਇਕ ਬੁਰਾ ਆਦਮੀ ਸੁਧਰ ਸਕਦਾ ਹੈ, ਕਿਉਂਕਿ ਮਨ ਇਕ ਅਜੇਹਾ ਸੁਧ ਪਦਾਰਥ ਹੈ ਕਿ ਜੇ ਓਹ ਕਿਸੇ ਦਸ਼ਾ ਵਿਚ ਨ ਆ ਜਾਵੇ ਜਾ ਕਿਸੇ ਸੰਸਾਰਥ ਨਾਲ ਲਾਚਾਰ ਨ ਹੋ ਜਾਵੇ ਤਾਂ ਓਹ ਸਦਾ ਸਚਿਆਈ ਵਲ ਝੁਕਿਆ ਰਹਿੰਦਾ ਹੈ, ਹਾਂ ਜੇ ਇਕ ਭਲਾ ਆਦਮੀ ਕਿਸੇ ਦਸ ਵੀਹ ਲੁੱਚਿਆਂ ਦੀ ਸੋਹਬਤ ਵਿਚ ਬੈਠੇ ਤਾਂ ਓਹ ਜਰੂਰ ਕੁਚਾਲੀ ਜਾਏਗਾ ਕਿਉਂਕਿ ਬਹੁਤ ਸਾਰੇ ਕੁਚਾਲੀ ਮਨ ਕੱਠੇ ਹੋਕੇ ਇਕ ਤੇ ਬਲ ਪਾ ਲੈਣਗੇ

ਸੱਚੀ ਗਲ ਤਾਂ ਇਹ ਹੈ ਕਿ ਸਤਸੰਗ ਹੋਣਾ ਚਾਹੀਦਾ ਹੈ, ਹਛਾ ਜਿਸ ਵੇਲੇ ਤੂੰ ਟੋਕਿਆ ਸੀ ਮੈਂ ਕੀ ਗਲ ਕਰ ਰਹੀ ਸਾਂ ?

ਕਮਲਾ—ਠੀਕ ਹੈ, ਤਦ ਹੀ ਤਾਂ ਮੈਂ ਪਹਿਲਾਂ ਖਿਮਾਂ ਮੰਗ ਲਈ ਸੀ, ਹਛਾ ਜਾਣ ਦੇਵੋ ਮੈਂ ਤੁਹਾਡੀਆਂ ਗਲਾਂ ਦਾ ਭਾਵ ਸਮਝ ਗਈ ਹਾਂ ਤੁਸੀ ਭੂਤਨਾਥ ਨੂੰ ਮੇਰਾ ਸਾਕ ਬਣਾਣਾ ਚਾਹੁੰਦੀ ਹੋ ?

ਕਮਲਨੀ—ਮੈਂ ਕਿਉਂ ਬਣਾਇਆ ਚਾਹੁੰਦੀ ਹਾਂ ਈਸ਼ੂਰ ਨੇ ਹੀ ਉਸਨੂੰ ਤੇਰਾ ਸਾਕ ਬਣਾਇਆ ਹੈ, ਹਛਾ ਪਹਿਲਾਂ ਮੈਂ ਤੈਨੂੰ ਨਾਨਕ ਦਾ ਹਾਲ ਸੁਨਾਉਂਦੀ ਹਾਂ, ਨਾਨਕ ਨੇ ਆਪਣਾ ਹਾਲ ਤੇਜ ਸਿੰਘ ਨੂੰ ਸੁਣਾਇਆ ਸੀ ਤੇ ਮੈਂ ਲੁਕ ਕੇ ਸੁਣਦੀ ਰਹੀ ਸੀ, ਇਸਦੇ ਪਿਛੋਂ ਹੋਰ ਲੋਕਾਂ ਨੂੰ ਭੀ ਇਹ ਹਾਲ ਮਲੂਮ ਹੋ ਗਿਆ।

ਕਮਲਨੀ ਨੇ ਬਹੁਤ ਸਾਰਾ ਪਿਛੇ ਬੀਤ ਚੁਕਾ ਹਾਲ ਤੇ ਤੇਜ ਸਿੰਘ ਦੇ ਪਾਗਲ ਬਣਕੇ ਮਾਯਾਰਾਣੀ ਦੇ ਬਾਗ ਵਿਚ ਜਾਣ ਦਾ ਪ੍ਰਸੰਗ, ਨਾਨਕ ਦਾ ਹਾਲ, ਚੰਡੂਲ* ਦਾ ਆਉਣਾ, ਭੂਤਨਾਥ ਤੇ ਸ਼ੇਰ ਸਿੰਘ ਦਾ ਦੰਗਾ ਛੰਗ ਤੇ ਹੋਰ ਭੀ ਬਹੁਤ ਸਾਰਾ ਹਾਲ ਸੁਣਾਇਆ ਜਿਸਨੂੰ ਸਭੇ ਬੜੀ ਹੈਰਾਨੀ ਨਾਲ ਸੁਣਦੀਆਂ ਰਹੀਆਂ, ਇਸ ਵੇਲੇ ਕਮਲਾ ਦੇ ਮਨ ਦੀ ਬਚਿੱਤ੍ਰ ਦਸ਼ਾ ਸੀ ਉਸਦੀਆਂ ਅੱਖਾਂ ਦੇ ਸਾਹਮਣੇ ਓਹ ਬਾਲਪੁਣੇ ਦਾ ਸਮਾਂ ਆ ਰਿਹਾ ਸੀ ਅਰ ਓਹ ਉਨ੍ਹਾਂ ਗਲਾਂ ਨੂੰ ਚੰਗੀ ਤਰਾਂ ਯਾਦ ਕਰਕੇ

---

* ਪਾਠਕਾਂ ਨੂੰ ਪਤਾ ਲਗ ਚੁਕਾ ਹੋਵੇਗਾ ਕਿ ਕਮਲਨੀ ਹੀ ਚੰਡੂਲ ਬਣੀ ਸੀ।

ਸੋਚ ਰਹੀ ਸੀ ਕਿ ਜਦੋਂ ਉਸਦੀ ਮਾਂ ਜੀਉਂਦੀ ਸੀ ਅਰ ਉਸਦਾ ਪਿਉ ਕਈ ੨ ਦਿਨ ਘਰ ਨਹੀਂ ਆਉਂਦਾ ਸੀ, ਅਚਾਨਕ ਉਸਦਾ ਪਿਉ ਗੁੰਮ ਹੋ ਗਿਆ ਤੇ ਕਿਸੇ ਓਪਰੇ ਆਦਮੀ ਨੇ ਉਸਦੇ ਮਰ ਜਾਣ ਦੀ ਖਬਰ ਉਸਦੇ ਨਾਨੇ ਨੂੰ ਪੁਚਾਈ, ਉਨ੍ਹਾਂ ਦਿਨਾਂ ਵਿਚ ਕਮਲਾ ਦੇ ਪਿਉ ਵਲੋਂ ਕਈ ਪ੍ਰਕਾਰ ਦੀਆਂ ਗਲਾਂ ਉੱਡ ਰਹੀਆਂ ਸਨ ਛੇਕੜ ਕਮਲਾ ਦੇ ਚਾਚੇ ਸ਼ੇਰ ਸਿੰਘ ਨੇ ਘਰ ਆਕੇ ਉਸਦੀ ਮਾਂ ਨੂੰ ਕਿਹਾ ਕਿ ਠੀਕ ਕਮਲਾ ਦਾ ਪਿਉ ਮਰ ਗਿਆ ਹੈ ਅਰ ਮੈਂ ਹੀ ਆਪਣੇ ਹੱਥੀਂ ਉਸਨੂੰ ਸਾੜਿਆ ਹੈ ਤਦ ਸਾਨੂੰ ਉਸਦੇ ਮਰਨ ਦਾ ਨਿਸਚਾ ਹੋਇਆ।

ਕਮਲਾ—ਹਛਾ ਤਾਂ ਇਨ੍ਹਾਂ ਗਲਾਂ ਤੋਂ ਸਿੱਧ ਹੁੰਦਾ ਹੈ, ਸਾਨੂੰ ਮੇਰਾ ਮਨ ਭੀ ਉਗਾਹੀ ਦੇਂਦਾ ਹੈ ਕਿ ਭੂਤਨਾਥ ਮੇਰਾ ਸਾਕ ਹੈ।

ਕਮਲਨੀ—ਠੀਕ ਹੈ।

ਕਮਲਾ—ਤਾਂ ਛੇਤੀ ਕਿਉਂ ਨਹੀਂ ਦਸਦੀ ਕਿ ਓਹ ਮੇਰਾ ਕੀ ਲਗਦਾ ਹੈ ?

ਕਮਲਨੀ—ਹਛਾ ਮੈਂ ਦਸ ਹੀ ਦੇਂਦੀ ਹਾਂ, ਓਹ ਤੇਰਾ ਪਿਓ ਹੈ ਤੇ ਨਾਨਕ ਤੇਰਾ ਭਰਾ।

ਕਮਲਾ—ਤਾਂ ਉਸਨੇ ਆਪਣੇ ਮਰਨ ਦੀ ਝੂਠੀ ਖਬਰ ਕਿਉਂ ਉਡਾਈ ? ਨਾਨਕ ਦੀ ਵਾਰਤਾ ਤੋਂ ਤਾਂ ਏਹੋ ਮਲੂਮ ਹੁੰਦਾ ਹੈ ਕਿ ਰਾਜਾ ਬੀਰੇਂਦ੍ਰ ਸਿੰਘ ਦੇ ਘਰ ਚੋਰੀ ਕਰਨ ਦੇ ਕਾਰਨ ਉਸਨੂੰ ਅਜੇਹਾ ਕਰਨਾ ਪਿਆ।

ਕਮਲਨੀ—ਪਹਿਲਾਂ ਤਾਂ ਮੈਂ ਭੀ ਏਹੋ ਸਮਝਦੀ ਸਾਂ ਅਰ ਭੂਤਨਾਥ ਨੇ ਇਸਤੋਂ ਬਿਨਾਂ ਹੋਰ ਕੋਈ ਕਾਰਨ ਆਪਣੇ ਗੁੰਮ

ਹੋਣ ਦਾ ਨਹੀਂ ਦਸਿਆ ਸੀ ਪਰ ਹੁਣ ਜੋ ਜੋ ਗਲਾਂ ਮਲੂਮ ਹੋਈਆਂ ਹਨ ਓਹ ਬਹੁਤ ਭਯਾਨਕ ਹਨ, ਭੂਤਨਾਥ ਨੇ ਮੈਨੂੰ ਬੜਾ ਧੋਖਾ ਦਿੱਤਾ ਜੇ ਭੂਤਨਾਥ ਦੇ ਓਹ ਕਾਗਤ ਜੋ ਮਨੋਰਮਾਂ ਦੇ ਪਾਸ ਸਨਤੇ ਮੇਰੇ ਹੀ ਉਦਮ ਨਾਲ ਉਸਨੂੰ ਮਿਲ ਗਏ ਸਨ ਅੱਜ ਹੁੰਦੇ ਤਾਂ ਬਹੁਤ ਸਾਰੀਆਂ ਗਲਾਂ ਦਾ ਪਤਾ ਲਗਦਾ, ਪਰ ਸਕ! ਆਪਣੀ ਭੁੱਲ ਦਾ ਦੰਡ ਕਿਨੂੰ ਦੇਵਾਂ!

ਕਮਲਾ—ਭੈਣ ਭਾਵਾਂ ਕਛ ਹੋਵੇ ਮੈਂ ਆਪਣੀ ਮਾਂ ਦੀ ਨਸੀਹਤ ਕਦੇ ਨਹੀਂ ਭੁੱਲ ਸਕਦੀ ਈਸ਼ਰ ਉਸਨੂੰ ਸੁਰਗ ਦੇਵੇ ਓਹ ਬੜੀ ਹੀ ਨੇਕ ਸੀ, ਜਿਸ ਵੇਲੇ ਮੇਰੇ ਚਾਚੇ ਨੇ ਮੇਰੇ ਪਿਓ ਦੇ ਮਰਨ ਦੀ ਖਬਰ ਪੁਚਾਈ ਓਸ ਵੇਲੇ ਮੇਰੀ ਮਾਂ ਬਹੁਤ ਬੀਮਾਰ ਸੀ, ਹੋਰ ਤਾਂ ਸਭ ਲੋਕ ਰੋਂਦੇ ਕਲਪਦੇ ਸਨ ਪਰ ਮੇਰੀ ਮਾਂ ਦੀਆਂ ਅੱਖਾਂਵਿਚ ਅੱਥਰੂ ਨਹੀਂ ਸੀ ਇਸਦਾ ਕਾਰਨ ਲੋਕਾਂ ਤਾਂ ਏਹੋ ਸਮਝਿਆ ਕਿ ਇਸਨੂੰ ਬਹੁਤ ਦੁਖ ਹੋਇਆ ਹੈ ਅਰ ਇਹ ਬੇਸੁੱਧ ਹੈ ਪਰ ਮੇਰੀ ਮਾਂ ਨੇ ਮੈਨੂੰ ਚੋਰੀ ਜੇਹੇ ਸੱਦਕੇ ਬਹੁਤ ਕੁਛ ਸਮਝਾਇਆ ਅਰ ਇਹ ਭੀ ਕਿਹਾ ਕਿ ਧੀਏ! ਮੈਂ ਚੰਗੀ ਤਰਾਂ ਜਾਣਦੀ ਹਾਂ ਕਿ ਤੇਰਾ ਪਿਓ ਮੋਇਆ ਨਹੀਂ ਸਗੋਂ ਲੁਕ ਬੈਠਾ ਹੈ ਅਰ ਸੱਚ ਮੁੱਚ ਉਸਦਾ ਚਾਲ ਚਲਨ ਅਜੇਹਾ ਨਹੀਂ ਕਿ ਲੋਕਾਂ ਨੂੰ ਮੂੰਹ ਦਿਖਾ ਸਕੇ, ਪਰ ਕੀ ਕਰਾਂ ਮੇਰਾ ਪਤੀ ਹੈ, ਉਸਦੀ ਨਿੰਦਿਆ ਕਰਨੀ ਮੇਰਾ ਧਰਮ ਨਹੀਂ ਹੈ, ਮੈਂ ਚੰਗੀ ਤਰਾਂ ਜਾਣਦੀ ਹਾਂ ਕਿ ਇਸ ਬੀਮਾਰੀ ਵਿਚੋਂ ਮੈਂ ਬਚ ਨਹੀਂ ਸਕਦੀ ਇਸ ਲਈ ਮੈਂ ਤੈਨੂੰ ਸਮਝਾ ਦੇਂਦੀ ਹਾਂ ਕਿ ਜੇ ਤੇਰਾ ਪਿਓ ਤੈਨੂੰ ਮਿਲ ਭੀ ਪਵੇ ਤਾਂ ਕਦੀ ਓਸ ਤੋਂ ਭਲਿਆਈ ਦੀ ਆਸ਼ਾ ਨ ਰਖੀਂ, ਹਾਂ ਤੇਰਾ

ਚਾਚਾ ਬਹੁਤ ਨੇਕ ਹੈ ਓਹ ਤੇਰੇ ਨਾਲ ਕਦੇ ਬੁਰਿਆਈ ਨਹੀਂ ਕਰੇਗਾ, ਇਹ ਗਲ ਮੇਰੀ ਸਮਝ ਵਿਚ ਨਹੀਂ ਆਉਂਦੀ ਕਿ ਕਿਉਂ ਓਸਨੇ ਆਪਣੇ ਭਰਾ ਦੇ ਮਰਨ ਦੀ ਝੂਠੀ ਖਬਰ ਉਡਾਈ ਹੈ ਹਛਾ ਕੁਛ ਹੋਵੇ। ਮੈਂ ਤੈਨੂੰ ਆਪਣੇ ਸਿਰ ਦੀ ਸਹੁੰ ਦੇਂਦੀ ਹਾਂ ਕਿ ਤੂੰ ਆਪਣਾ ਚਾਲ ਚੱਲਣ ਠੀਕ ਰਖੀਂ ਅਰ ਓਹ ਕੰਮ ਕਰੀਂ ਜਿਸ ਨਾਲ ਕਿਸ਼ੋਰੀ ਦਾ ਭਲਾ ਹੋਵੇ ਕਿਉਂਕਿ ਓਸਦਾ ਲੂਣ ਤੇਰੇ ਲੂੰ ਲੂੰ ਵਿਚ ਹੈ ਅਰ ਮਨੂੰ ਇਹ ਭੀ ਨਿਸਚਾ ਹੈ ਕਿ ਓਹ ਭੀ ਤੇਰ ਨਾਲ ਬੜਾ ਪ੍ਰੇਮ ਰਖਦੀ ਹੈ ਅਰ ਓਹ ਜੋ ਕੁਛ ਕਰੇਗੀ ਤੇਰ ਵਾਸਤੇ ਚੰਗਾ ਹੀ ਕਰੇਗੀ। ਬਾਕੀ ਰਹੀ ਕਿਸ਼ੋਰੀ ਦੀ ਮਾਂ ਤੇ ਨਾਨਾ ਸੋ ਕਿਸ਼ੋਰੀ ਦੀ ਮਾਂ ਇਕ ਅਜੇਹੇ ਆਦਮੀ ਦੇ ਪੱਲੇ ਪਈ ਹੋਈ ਹੈ ਜਿਸਦ ਦਿਮਾਗ ਦਾ ਕੋਈ ਟਿਕਾਣਾ ਨਹੀਂ ਆਸ਼ਾ ਹੈ ਕਿ ਓਹ ਭੀ ਕਿਸੇ ਨ ਕਿਸੇ ਦਿਨ ਆਪਣੀ ਜਾਨ ਗਵਾ ਬੈਠਗੀ ਤੇ ਕਿਸ਼ੋਰੀ ਦਾ ਨਾਨਾ ਮਹਾਨ ਕ੍ਰੋਧੀ ਹੈ ਸੋ ਕਿਸ਼ੋਰੀ ਦੇ ਬਿਨਾਂ ਤੈਨੂੰ ਕੋਈ ਸਹਾਰਾ ਦੇਣ ਵਾਲਾ ਨਹੀਂ ਦਿਸਦਾ

ਇਹ ਗਲ ਸੁਣਕ ਕਿਸ਼ੋਰੀ ਨੂੰ ਆਪਣੀ ਮਾਂ ਚੇਤੇ ਆਗਈ ਅਤ ਓਹ ਰੋਣ ਲਗ ਪਈ, ਕਮਲਾ ਦਾ ਭੀ ਏਹੋ ਹਾਲ ਸੀ, ਕਮਲਨੀ ਨ ਦੋਹਾਂ ਦੇ ਅਥਰੂ ਪੂੰਝੇ ਅਰ ਧੀਰਜ ਦੇਕ ਚੁਪ ਕਰਾਇਆ। ਇਸਦੇ ਪਿਛੋਂ ਫੇਰ ਗਲਾਂ ਕਰਨ ਲਗ ਪਈਆਂ।

ਕਮਲਾ— ਕਮਲਨੀ ਨੂੰ) ਤਾਂ ਕੀ ਮੈਂ ਓਹ ਗਲਾਂ ਸੁਣ ਸਕਦੀ ਹਾਂ ਜਿਨਾਂ ਦੇ ਕਾਰਨ ਮੇਰ ਪਿਤੇ ਨੂੰ ਇਹ ਦਿਨ ਦੇਖਣੇ ਪਿਆ ?

ਕਮਲਨੀ—ਹਾਂ ਮੈਂ ਸਭ ਦਸਾਂਗੀ ਪਰ ਕਮਲਾ ਤੂੰ ਇਹ ਸਮਝੀਂ ਕਿ ਤੂਤਨਾਥ ਦੇ ਪਿਛੇ ਤੇਰਾ ਪ੍ਰੇਮ ਸਾਡੇ ਦਿਲੋਂ ਘਟ

ਜਾਵੇਗਾ ।

ਕਿਸ਼ੋਰੀ—ਹਾਂ ਹਾਂ ਇਹ ਕਦੇ ਨਹੀਂ ਹੋ ਸਕਦਾ ! ਮੈਂ ਕਦੇ ਤੇਰੀਆਂ ਨੇਕੀਆਂ ਨਹੀਂ ਭੁਲ ਸਕਦੀ, ਤੂੰ ਮੇਰੀ ਜਾਨ ਬਚਾਈ, ਤੇ ਦੁਖ ਵੇਲੇ ਮੇਰਾ ਸਾਥ ਨਿਬਾਹਿਆ ਅਰ ਤੇਰੇ ਹੀ ਭਰੋਸੇ ਮੈਂ ਜੋ ਮਨ ਵਿਚ ਆਇਆ ਸੋ ਕੀਤਾ ।

ਲਛਮੀਦਵੀ—(ਕਮਲਾ ਨੂੰ) ਭਾਵੇਂ ਮੇਰਾ ਤੇਰਾ ਸਾਥ ਨਹੀਂ ਹੋਇਆ ਪਰ ਮੈਂ ਇਨਾਂ ਦੋਚਾਰ ਦਿਨਾਂ ਵਿਚ ਹੀ ਤੇਰਾ ਮਨ ਦੇਖ ਲਿਆ ਹੈ, ਸਚ ਮੁਚ ਤੇਰਾ ਪ੍ਰੇਮ ਸਲਾਘਾ ਦੇ ਯੋਗ ਹੈ ਅਤੇ ਅਸੀਂ ਇੰਗੀ ਤਰਾਂ ਜਾਣਦੇ ਹਾਂ ਕਿ ਕਿਸ਼ੋਰੀ ਦੇ ਵਾਸਤੇ ਤੂੰ ਬਹੁਤ ਦੁਖ ਭੋਗੇ ਹਨ ।

ਕਮਲਾ—ਮੈਂ ਕਿਸ਼ੋਰੀ ਵਾਸਤੇ ਤਾਂ ਕਛ ਨਹੀਂ ਕੀਤਾ ਜੋ ਕੁਛ ਕੀਤਾ ਕਿਸ਼ੋਰੀ ਦੇ ਪ੍ਰੇਮ ਨੇ ਕੀਤਾ, ਮੈਂ ਤਾਂ ਨਿਰਾ ਇਹ ਜਾਣਦੀ ਹਾਂ ਕਿ ਮੇਰੀ ਜ਼ਿੰਦਗੀ ਕਿਸ਼ੋਰੀ ਦੀ ਜਿੰਦਗੀ ਦੇ ਨਾਲ ਹੈ, ਜੇ ਇਹ ਸੁਖੀ ਹੇ ਤਾਂ ਮੈਂ ਬੀ ਸੁਖੀ ਹਾਂ, ਹਾਂ ਜੇ ਏਸ ਨੂੰ ਦੁਖ ਹੈ ਤਾਂ ਮੈਨੂੰ ਭੀ ਰੰਜ ਹੈ ਹੋਰ ਮੈਂ ਕਿਸ ਯੋਗ ਹਾਂ । ਪਰ ਉਸ ਵੇਲੇ ਮੈਨੂੰ ਬੜਾ ਹੀ ਦੁਖ ਹੋਵੇਗਾ ਜਦ ਮੈਂ ਕਿਸੇ ਦੇ ਮੁਹੋਂ ਇਹ ਸੁਣਾਂਗੀ ਕਿ "ਕਮਲਾ ਦਾ ਪਿਓ ਬੜਾ ਹੀ ਦੁਸ਼ਟ ਸੀ" ਹਾਇ! ਜਿਸਦੇ ਵਾਸਤੇ ਮੈਂ ਜਾਨ ਤਕ ਦੇਣ ਨੂੰ ਤਿਆਰ ਹਾਂ ਓਸਦੇ ਨਾਲ ਮੇਰਾ ਪਿਓ ਬੁਰਿਆਈ ਕਰੇ !

ਕਮਲਨੀ—ਨਹੀਂ ਨਹੀਂ ਕਮਲਾ ਤੇਰੇ ਪਿਓ ਨੇ ਕਿਸ਼ੋਰੀ ਨਾਲ ਕਈ ਬੁਰਿਆਈ ਨਹੀਂ ਕੀਤੀ ਸਗੋਂ ਓਸਨੇ ਅਸਾਂ ਤਿਨਾਂ ਭੰਨ ਨਾਲ ਬੁਰਿਆਈ ਕੀਤੀ ਹੈ ਜਿਸਨੂੰ ਤੂੰ ਥੋੜੇ ਦਿਨ ਪਹਿਲੇ ਕੁਛ ਨਹੀਂ ਜਾਣਦੀ ਸੀ ਤੈਨੂੰ ਕੁਛ ਭੀ ਰੰਜ ਨਹੀਂ ਕਰਨਾ

ਚਾਹੀਦਾ, ਮੈਂ ਆਸਾ ਕਰਦੀ ਹਾਂ ਕਿ ਕੂਤਨਾਥ ਦਾ ਅਪ੍ਰਾਧ ਰਾਜਾ ਚਰਾਂਦ ਸਿੰਘ ਜੀ ਖਿਮਾ ਕਰ ਦੇਣ ਗੇ।

ਲਛਮੀ ਦੇਵੀ—ਭੈਣ ਇਨਾਂ ਗਲਾਂ ਨੂੰ ਜਾਣ ਹੀ ਦੇਵੋ, ਭਾਵੇਂ ਕੂਤਨਾਥ ਨੇ ਸਾਡੇ ਨਾਲ ਕੋਈ ਬੁਰਿਆਈ ਕੀਤੀ ਹਿੰਓ ਨ ਹੋਵੇ ਪਰ ਅਸੀਂ ਜਰੂਰ ਓਸ ਨੂੰ ਖਿਮਾ ਕਰਾਂਗੇ ਕਿਉਂਕਿ ਅਸੀਂ ਕਮਲਾ ਨੂੰ ਦੁਖੀ ਨਹੀਂ ਦੇਖ ਸਕਦੇ, ਕਮਲਾ! ਤੂੰ ਸਾਡੀਆਂ ਸਖੀਆਂ ਭੇਣਾਂ ਤੋਂ ਵਧੀਕ ਹੈ, ਜਦ ਕਿਸ਼ੋਰੀ ਤੈਨੂੰ ਆਪਣੀ ਭੈਣ ਮੰਨਦੀ ਹੈ ਤਾਂ ਅਸੀਂ ਤੈਨੂੰ ਓਸਤੋਂ ਵਧੀਕ ਜਾਣ ਗੇ, ਸਚੀ ਗਲ ਤਾਂ ਇਹ ਹੈ ਕਿ ਅਜ ਜਿਸ ਸੁਖ ਦੀ ਆਸ਼ਾ ਅਸੀਂ ਲੋਕ ਕਰ ਰਹੇ ਹਾਂ ਓਹ ਸਭ ਕਿਸ਼ੋਰੀ ਦੇ ਚਰਨਾਂ ਦਾ ਸਦਕਾ ਹੈ।

ਇਹ ਕਹਿਕੇ ਲਛਮੀ ਦੇਵੀ ਨੇ ਕਮਲਾ ਨੂੰ ਗਲ ਨਾਲ ਲਾ ਲਿਆ ਅਤੇ ਓਸਦੇ ਅਚਰੂ ਪੂੰਝੇ ਕਿਸ਼ੋਰੀ ਆਦਿਕ ਭੀ ਰੋ ਰਹੀਆਂ ਸਨ ਲਛਮੀ ਦੇਵੀ ਨੇ ਸਭਨਾਂ ਨੂੰ ਧੀਰਜ ਦੇਕੇ ਹੋਰ ਗਲਾਂ ਵਿਚ ਲਾਇਆ, ਤਿੰਨ ਪਹਿਰ ਰਾਤ ਏਸੇ ਤਰਾਂ ਬੀਤ ਗਈ ਅਚਾਨਕ ਇਕ ਨਵੀਂ ਘਟਨਾ ਨੇ ਇਨਾਂ ਨੂੰ ਭੂਬਕਾ ਦਿਤਾ।

ਮੌਤ ਦਾ ਝੱਖੜ

ਰਾਤ ਪਹਿਰ ਭਰ ਤੋਂ ਘਟ ਰਹਿ ਗਈ ਸੀ ਜਦ ਕਿਸ਼ੋਰੀ, ਕਾਮਨੀ ਲਾਡਲੀ ਕਮਲਨੀ ਆਦਿਕ ਗੱਲਾਂ ਕਰਕੇ ਉਠਾਂਆਂ ਹੀ ਸਨ ਕਿ ਚਲਕੇ ਹੁਣ ਦੋ ਘੰਟੇ ਆਰਾਮ ਕਰੀਏ, ਓਸ ਵਲ ਤਕ ਪਸ ਚੁਪ ਚਾਪ ਸੀ, ਕਮਲਾ ਨੇ ਦਾਸੀਆਂ ਨੂੰ ਭੀ ਆਪਣੇ ਪਾਸੋਂ ਭੇਜ ਦਿਤਾ ਸੀ ਅਤ ਕਹਿ ਦਿਤਾ ਸੀ ਕਿ

ਬਿਨਾਂ ਬੁਲਾਏ ਸਾਡੇ ਪਾਸ ਕੋਈ ਨ ਆਵੇ।

ਇਸ ਵੇਲੇ ਜਿਥੇ ਏਹ ਬੈਠੀਆਂ ਹੋਈਆਂ ਸਨ ਇਸ ਨੂੰ ਰਾਜ ਮਹਲ ਆਖਦੇ ਸਨ। ਮਹਾਰਾਜ ਦਿਗਬਿਜੈ ਸਿੰਘ ਦੀ ਰਾਣੀ ਏਥੇ ਹੀ ਰਹਿੰਦੀ ਸੀ ਇਸਦੇ ਪਿਛਲੇ ਪਾਸੇ ਓਹ ਮਕਾਨ ਸੀ ਜਿਸ ਵਿਚ ਕਿਸ਼ੋਰੀ ਓਸ ਸਮੇਂ ਰਹੀ ਸੀ ਜਦ ਮਹਾਰਾਜ ਦਿਗਬਿਜੈ ਸਿੰਘ ਦੇ ਜੀਉਂਦਿਆਂ ਬਦੋ ਬਦੀ ਫੜ ਕੇ ਆਂਦੀ ਗਈ ਸੀ ਤੇ ਲਾਲੀ ਪੇ ਕੰਦਨ ਉਸਦੀ ਰਾਖੀ ਲਈ ਏਸੇ ਥਾਂ ਰਹਿੰਦੀਆਂ ਸਨ ਜਿਸਦਾ ਹਾਲ ਸੰਤਰ ਤੀਸਰੇ ਹਿਸੇ ਵਿਚ ਲਿਖ ਆਏ ਹਾਂ।

ਪਾਠਕ ਭੁਲੇ ਨ ਹੋਣਗੇ ਕਿ ਇਸੇ ਮਹਲ ਦੇ ਬਾਗ ਦੀ ਇਕ ਨੁਕਰ ਵਿਚ ਓਹ ਮਕਾਨ ਸਾ ਜਿਸਦਾ ਦੂਆ ਸਦਾ ਬੰਦ ਰਹਿੰਦਾ ਸੀ ਅਰ ਜਿਸਦੀ ਛੱਤ ਪਾੜਕੇ ਕਿਸ਼ੋਰੀ ਨੂੰ ਨਾਲ ਲੈਕੇ ਲਾਲੀ ਓਸਦੇ ਅੰਦਰ ਗਈ ਸੀ, ਕਾਵੇਂ ਮਹਲ ਦਾ ਇਹ ਹਿਸਾ ਵਖਰਾ ਸੀ ਪਰ ਰਾਜ ਮਹਲ ਦੀ ਛੱਤ ਤੋਂ ਇਹ ਮਕਾਨ ਚੰਗੀ ਤਰਾਂ ਨਜ਼ਰ ਆਉਂਦਾ ਸੀ। ਕਮਲਾ ਕਿਸ਼ੋਰੀ ਕਾਮਨੀ ਅਦਿਕ ਗਲਾਂ ਕਰਕੇ ਜਦ ਹੇਠਾਂ ਉਤਰਨ ਲਗੀ ਤਾਂ ਅਚਾਨਕ ਚੇਤ ਲਾਡਲੀ ਦੀ ਨਜ਼ਰ ਓਸ ਮਕਾਨ ਤੇ ਜਾ ਪਈ ਜਿਸਦੇ ਅੰਦਰ ਲਾਲੀ ਕਿਸ਼ੋਰੀ ਨੂੰ ਲੈ ਗਈ ਸੀ। ਤੇਹ ਭੀ ਓਸ ਮਕਾਨ ਦਾ ਦਰਵਾਜਾ ਓਸੇ ਤਰਾਂ ਬੰਦ ਸੀ ਜਿਸ ਤਰਾਂ ਦਿਗਬਿਜੈ ਸਿੰਘ ਦੇ ਵੇਲੇ ਰਹਿਦਾ ਸੀ ਹਾਂ ਅਗੇ ਵਾਂਗ ਇਸਦੇ ਅਗੇ ਪਹਿਰਾ ਨਹੀਂ ਰਹਿੰਦਾ ਸੀ। ਅਰ ਛੱਤ ਦਾ ਨਿਕਲ ਵਾਲੀ ਥਾਂ (ਜੋ ਲਾਲੀ ਨੇ ਲਾਈ ਸੀ) ਠੀਕ ਕੀਤੀ ਗਈ ਸੀ ਇਸ ਬਾਗ ਵਿਚ ਅਜ ਕਲ ਕੋਈ ਨਹੀਂ ਰਹਿੰਦਾ ਸੀ।

ਜਿਸ ਵੇਲੇ ਲਾਡਲੀ ਦੀ ਨਜ਼ਰ ਓਸ ਮਕਾਨ ਦੀ ਛੱਤ ਵਲ ਪਈ ਤਾਂ ਇਕ ਆਦਮੀ ਦਿਸਿਆ ਜੋ ਚੌਹੀਂ ਪਾਸੀਂ ਦੇਖ ਰਿਹਾ ਸਾ ਅਤ ਇਸ ਗਲ ਦੇ ਧਿਆਨ ਵਿਚ ਸੀ ਕਿ ਕੋਈ ਆਦਮੀ ਵੇਖਦਾ ਤਾਂ ਨਹੀਂ ਪ੍ਰੰਤੂ ਕਿਸ਼ੋਰੀ ਕਾਮਨੀ ਆਦਿਕ ਅਜੇਹੇ ਥਾਂ ਸਨ ਜੋ ਓਨਾਂ ਨੂੰ ਕੋਈ ਨਹੀਂ ਵੇਖ ਸਕਦਾ ਸੀ ਤੇ ਓਹ ਹਰੇਕ ਨੂੰ ਵੇਖਦੀਆਂ ਸਨ ਕਿਉਂਕਿ ਕੋਠੇ ਦੇ ਚੁਫੇਰੇ ਦੋ ਦੋ ਗਜ ਉਚੇ ਬਨੇਰੇ ਸਨ ਜਿਨਾਂ ਵਿਚ ਚੌਹੀਂ ਪਾਸੀਂ ਹਵਾ ਆਉਣ ਲਈ ਇਟਾਂ ਦੀ ਜਾਲੀ ਬਣੀ ਹੋਈ ਸੀ ਓਸੇ ਛੇਕ ਵਿਚੋਂ ਲਾਡਲੀ ਨੇ ਆਦਮੀ ਵੇਖਿਆ ਸੀ।

ਲਾਡਲੀ ਨੇ ਕਮਲਨੀ ਦਾ ਹਥ ਫੜ ਲਿਆ ਅਤ ਓਸੇ ਮਕਾਨ ਵਲ ਦੇਖਣ ਦੀ ਮਿਨਤ ਕੀਤੀ, ਮਲੂਮ ਹੋਯਾ ਕਿ ਫੇਰ ਛੱਤ ਤੋੜੀ ਗਈ ਹੈ ਤੇ ਹੋਨਾਂ ਹੋਰ ਭੀ ਆਦਮੀ ਹਨ। ਥੋੜੇ ਚਿਰ ਪਿਛੋਂ ਕੁਛ ਚਾਨਣਾ ਦਿਸਿਆ ਤੇ ਦੋ ਹੋਰ ਆਦਮੀ ਉਪਰ ਆ ਗਏ ਹਨ ਛੱਤ ਤੇ ਤਿੰਨ ਆਦਮੀ ਹੋਗਏ ਹਨ ਤਾਂ ਪੂਰਾ ਨਿਸਚਾ ਹੋਗਿਆ ਕਿ ਛੱਤ ਵਿਚ ਸੰਨ ਮਾਰੀ ਗਈ ਹੈ ਓਨਾਂ ਤਿੰਨਾ ਆਦਮੀਆਂ ਨੇ ਬੜੇ ਧਿਆਨ ਨਾਲ ਓਸ ਪਾਸੇ ਵੇਖਿਆ ਜਿਸ ਪਰ ਕਮਲਨੀ ਆਦਿਕ ਖਲੋਤੀਆਂ ਹੋਈਆਂ ਸਨ ਪਰ ਕੁਛ ਨ ਦਿਸਿਆ। ਨੀਵੇਂ ਹੋਕੇ ਇਕ ਭਾਰੀ ਰੰਝ ਕੱਢੀ ਉਪ੍ਰੰਤ ਦੋ ਆਦਮੀ ਹੋਰ ਛੱਤ ਵਿਚੋਂ ਨਿਕਲਕੇ ਉਪਰ ਆ ਗਏ। ਹੁਣ ਛੱਤ ਤੇ ਪੰਜ ਆਦਮੀ ਹੋਗਏ।

ਕਮਲਨੀ ਨੇ ਕਮਲਾ ਦਾ ਹੱਥ ਫੜਕੇ ਕਿਹਾ:-ਭੈਣ ਏਨਾਂ ਸ਼ੈਤਾਨਾਂ ਦੀ ਅਨੋਖੀ ਕਾਰਵਾਈ ਹੈ ਤਾਂ ਦੇਖਣ ਜੋਗ ਪਰੰਤੂ ਛੇਤੀ ਜਾਕੇ ਤੇਜ ਸਿੰਘ ਨੂੰ ਖਬਰ ਕਰ ਦੇਹ ਫੇਰ ਸੋ

ਉਨਾਂ ਦੇ ਮਨ ਵਿਚ ਆਵੇ ਸੋ ਕਰਨਾ। ਇਹ ਗਲ ਸੁਣਦਿਆਂ ਹੀ ਕਮਲਾ ਦੌੜ ਗਈ ਤੇ ਇਹ ਸਭੇ ਮੁੜ ਓਧਰ ਦੇਖਣ ਲਗ ਪਈਆਂ ਕੁਛ ਚਿਰ ਓਹ ਪੰਜੇ ਆਦਮੀ ਬੈਠਕੇ ਕੁਛ ਦੇਰ ਨੂੰ ਹਿਲਾਉਂਦੇ ਜਾਂ ਬੋਹਲਦੇ ਬੰਨਦੇ ਰਹੇ ਇਸਦੇ ਪਿਛੋਂ ਓਹ ਰੰਦ ਕਾਂਟ ਨਾਲ ਬੰਨਕੇ ਹੇਠਾਂ ਬਾਗ ਵਿਚ ਉਤਾਰੀ ਫੇਰ ਵਾਰੀਵਾਰੀ ਪੰਜੇ ਆਦਮੀ ਬਾਗ ਵਿਚ ਉਤਰ ਆਏ ਅਤੇ ਰੰਦ ਲੁਕਾਕੇ ਬਾਗਦੇ ਵਿਚਕਾਰ ਨਾਲੇ ਕਮਰੇ ਵਿਚ ਆਗਏ ਜਿਸ ਵਿਚ ਕਿਸ਼ੋਰੀ ਰਹਿੰਦੀ ਸੀ, ਏਨੇ ਨੂੰ ਕਮਲਾ ਭੀ ਆ ਪਹੁੰਚੀ ਤੇ ਉਸਨੇ ਆਕੇ ਦੱਸੀ ਜੋਹੀ ਕਿਹਾ:- ਤੇਜ ਸਿੰਘ ਨੂੰ ਖਬਰ ਕਰ ਦਿਤੀ ਹੈ ਤੇ ਓਹ ਦੇਵੀ ਸਿੰਘ ਤੇ ਹੋਰ ਏਕਾਂਤ ਨੂੰ ਨਾਲ ਲੈਕੇ ਗੁਪਤ ਰਸਤੇ ਬਾਗ ਵਲ ਗਏ ਹਨ।

ਕਮਲਨੀ-ਮੈਨੂੰ ਭੀ ਓਥੇ ਜਾਣਾਂ ਚਾਹੀਦਾ ਹੈ।

ਕਿਸ਼ੋਰੀ-ਕਿਉਂ?

ਕਮਲਨੀ-ਉਸ ਮਕਾਨ ਦੇ ਗੁਪਤ ਭੇਤਾਂ ਦਾ ਕੋਈ ਪਤਾ ਤੇਜ ਸਿੰਘ ਨੂੰ ਨਹੀਂ ਹੈ ਕਿ ਮਤ ਲੋੜ ਪੈ ਜਾਵੇ।

ਕਿਸ਼ੋਰੀ-ਨਹੀਂ ਕੋਈ ਲੋੜ ਨਹੀਂ ਪੈਂਦੀ ਤੁਸੀਂ ਚੁਪ ਚਾਪ ਖਲੋਤੀ ਤਮਾਸ਼ਾ ਦੇਖੋ।

ਲਛਮੀ ਦੇਵੀ-ਜੇ ਇਨਾਂ ਵਿਚੋਂ ਇਕ ਨੂੰ ਭੀ ਤੇਜ ਸਿੰਘ ਜੀ ਫੜ ਲਣਗੇ ਤਾਂ ਸਾਰਾ ਭੇਤ ਖੁਲ ਜਾਵੇਗਾ।

ਕਮਲਨੀ-ਇਹ ਤਾਂ ਹੈ ਹੀ।

ਕਮਲਾ-ਮੈਂ ਸਮਝਦੀ ਹਾਂ ਕਿ ਉਸ ਮਕਾਨ ਦੇ ਅੰਦਰ ਹੋਰਨੀ ਕਈ ਆਦਮੀ ਹਨ ਜੇ ਇਹ ਸਾਰੇ ਫੜੇ ਜਾਣ ਤਾਂ ਚੰਗਾ ਹੈ।

ਕਮਲਨੀ-ਏਸੇ ਲਈ ਤਾਂ ਮੈਂ ਕਹਿੰਦਾ ਹਾਂ ਕਿ ਮੈਨੂੰ

ਓਥੇ ਜਾਣ ਦੇਵੋ, ਮੇਰੇ ਪਾਸ ਤਲਿਸਮੀ ਖੰਜਰ ਹੈ ਮੈਂ ਬਹੁਤ ਕੁਛ ਕਰ ਸਕਾਂਗੀ।

ਕਿਸ਼ੋਰੀ—ਨਹੀਂ ਹੈਣ ਮੈਂ ਤੈਨੂੰ ਕਦੇ ਨਹੀਂ ਜਾਣ ਦੇਵਾਂਗੀ ਮੈਨੂੰ ਡਰ ਆਉਂਦਾ ਹੈ ਤੇਰੇ ਬਿਨਾਂ ਮੈਂ ਏਥੇ ਨਹੀਂ ਰਹਿ ਸਕਦੀ।

ਕਮਲਨੀ-ਚੱਛਾ ਮੈਂ ਨਹੀਂ ਜਾਵਾਂਗੀ ਤੇਰੇ ਪਾਸ ਹੀ ਰਹਾਂਗੀ।

ਹੁਣ ਅਸੀਂ ਬਾਗ ਦੇ ਉਸ ਹਿੱਸੇ ਦਾ ਵਰਨਣ ਕਰਦੇ ਹਾਂ ਜਿਸ ਵਿਚ ਓਹ ਪੰਜ ਆਦਮੀ ਰੰਢ ਲਈ ਤੁਰੇ ਜਾਂਦੇ ਹਨ। ਓਹ ਪੰਜੇ ਆਦਮੀ ਰੰਢ ਦੁਕਕੇ ਬਾਗ ਦੇ ਵਿਚਕਾਰ ਉਸ ਮਕਾਨ ਵਿਚ ਪਹੁੰਚ ਗਏ ਜਿਸ ਵਿਚ ਪਹਿਲੇ ਕਿਸ਼ੋਰੀ ਰਹਿੰਦੀ ਸੀ, ਜਦ ਓਹ ਅੰਦਰ ਪਹੁੰਚ ਗਏ ਤਾਂ ਓਨਾਂ ਨੇ ਮਸ਼ਾਲ ਜਗਾਈ ਅਰ ਰੰਢ ਨੂੰ ਧਰਤੀ ਤੇ ਰਖਕੇ ਗਲਾਂ ਕਰਨ ਲਗ ਪਏ।

ਪਹਿਲਾ—ਹਣਾ ਹੁਣ ਕੀ ਕਰਨਾ ਚਾਹੀਦਾ ਹੈ?

ਦੂਸਰਾ—ਰੰਢ ਨੂੰ ਏਥੇ ਹੀ ਰਖਕੇ ਰਾਜ ਮਹਲ ਵਿਚ ਚਲਕੇ ਆਪਣਾ ਕੰਮ ਕਰਨਾ ਚਾਹੀਦਾ ਹੈ।

ਤੀਸਰਾ—ਨਹੀਂ ਨਹੀਂ ਪਹਿਲਾਂ ਏਸ ਰੰਢ ਨੂੰ ਅਜੇਹੀ ਥਾਂ ਰਖਣਾ ਚਾਹੀਦਾ ਹੈ ਜਿਥੇ ਸਵੇਰਾ ਹੁੰਦਿਆਂ ਹੀ ਕਿਸੇ ਦੀ ਨਜ਼ਰ ਨ ਪੈ ਜਾਵੇ।

ਚੌਥਾ—ਬਾਗ ਦੇ ਇਸ ਹਿਸੇ ਵਿਚ ਤਾਂ ਕੋਈ ਰਹਿੰਦਾ ਹੀ ਨਹੀਂ ਫੇਰ ਕਿਸੇ ਦੀ ਨਜ਼ਰ ਕਿਸਤਰਾਂ ਪਵੇਗੀ?

ਪੰਜਵਾਂ—ਜੇ ਏਹੋ ਗਲ ਹੈ ਤਾਂ ਏਸਨੂੰ ਨਾਲ ਹੀ ਰਾਜ ਮਹਲ ਵਿਚ ਲੈ ਚਲਨਾ ਚਾਹੀਦਾ ਹੈ।

ਪਹਿਲਾ—ਤੂੰ ਭੀ ਅਨੋਖਾ ਆਦਮੀਂ ਹੈਂ, ਆਪਣਾ ਜਾਣਾ ਤਾਂ ਬਹੁਤ ਔਖਾ ਹੈ ਤੇ ਇਹ ਕਹਿੰਦਾ ਹੈ ਰੰਢ ਭੀ ਲੈ ਚਲੋ।

ਦੂਸਰਾ—ਫੇਰ ਜਦ ਕੋਈ ਏਥੇ ਰਹਿੰਦਾ ਹੀ ਨਹੀਂ ਤਾਂ ਏਸਦਾ ਏਥੇ ਰਖਣਾ ਯਾ ਨਾ ਰਖਣਾ ਇਕੋ ਜਿਹਾ ਹੈ।

ਤੀਜਾ—ਬਸ ਹੁਣ ਹੁੱਜਤਾਂ ਵਿਚ ਹੀ ਰਾਤ ਬਿਤਾ ਦੇਵੋ। ਪਹਿਲਾਂ ਆਪਣਾ ਕੰਮ ਤਾਂ ਕਰੋ ਜਿਸ ਲਈ ਆਏ ਹਾਂ ਚਲਕੇ ਤਹਿਖਾਨਾ ਪੁਟੋ।

ਦੂਸਰਾ—ਠੀਕ ਹੈ ਮੇਰੀ ਭੀ ਏਹੋ ਮਰਜ਼ੀ ਹੈ ਇਹ ਕਹਿਕੇ ਓਹ ਆਪ ਉਠ ਖਲੋਤਾ ਤੇ ਉਸਦੇ ਪਿਛੇ ਉਸਦੇ ਸਾਥੀ ਭੀ।

ਅੱਠਵਾਂ ਕਾਂਡ

ਓਨਾਂ ਲੋਕਾਂ ਨੇ ਬਹੀ ਬਧਾਈ ਰੰਢ ਓਥੇ ਹੀ ਰਖ ਦਿਤੀ ਤੇ ਆਪ ਵਿਚਲੇ ਕਮਰੇ ਦੇ ਬੂਹੇ ਅਗੇ ਪੁੱਜੇ, ਬੂਹੇ ਦੇ ਮੰਦਰੇ ਵਿਚ ਸਲਾਈ ਪਾਕੇ ਬੂਹਾ ਖੋਲਿਆ ਫੇਰ ਸਭ ਕਮਰੇ ਦੇ ਅੰਦਰ ਚਲੇ ਗਏ। ਇਹ ਕਮਰਾ ਬਹੁਤ ਹੀ ਚੰਗੇ ਢੰਗ ਤੇ ਅਮੀਰਾਂ ਦੇ ਰਹਿਣ ਯੋਗ ਸਜਿਆ ਹੋਇਆ ਸੀ, ਪਹਿਲਾਂ ਤਾਂ ਇਨਾਂ ਨੇ ਮਸਾਲ ਦੇ ਚਾਨਣੇ ਨਾਲ ਓਥੋਂ ਦੀ ਹਰੇਕ ਚੀਜ਼ ਦੇਖੀ ਫੇਰ ਫ਼ਰਸ਼ ਦੀ ਵਿਛੀ ਚੁਕ ਸੁਟੀ, ਥਲੇ ਸੰਗ ਮਰ ਮਰ ਦੇ ਚੌਰੂ ਕਰੇ ਪੱਥਰਾਂ ਦਾ ਫਰਸ਼ ਸੀ ਜਿਸਨੂੰ ਦੇਖਕੇ ਇਕਨੇ ਕਿਹਾ:-

ਜੇ ਮੇਰਾ ਅਨੁਮਾਨ ਠੀਕ ਹੈ ਤਾਂ ਸਾਨੂੰ ਏਸੇ ਕਮਰੇ ਦਾ ਪਤਾ ਦਿਤਾ ਗਿਆ ਹੈ ਅਰ ਏਥੋਂ ਦੀ ਧਰਤੀ ਵਿਚ ਟੋਆ ਕਢਣਾ ਕੋਈ ਔਖਾ ਨਹੀਂ ਦੋ ਚਾਰ ਸਿਲਾਂ ਪੁੱਟ ਦੇਣ ਨਾਲ ਕੰਮ ਹੋ ਜਾਵੇਗਾ।

ਦੂਸਰਾ—ਹੈ ਤਾਂ ਠੀਕ ਪਰ ਮੇਰੀ ਮਰਜ਼ੀ ਹੈ ਕਿ ਥੋੜਾ ਚਿਰ ਠਹਿਰਕੇ ਬਾਬਾ ਜੀ ਨੂੰ ਉਡੀਕ ਲਈਏ।

ਤੀਸਰਾ—ਜੀ ਆਪਣਾ ਕੰਮ ਕਰੋ, ਜੇ ਰਲਾਂ ਵਿਚ ਰਾਤ ਬਿਤਾ ਦੇਵੋਗੇ ਤਾਂ ਐਵੇਂ ਨਾਹਕ ਮਾਨ ਗਵਾਓਗੇ।

ਪਹਿਲਾ—ਓਹ ਕਿਉਂ ? ਏਥੇ ਹੁੰਦਾ ਹੀ ਕੌਣ ਹੈ ਜੋ ਸਾਨੂੰ ਛੜੇਗਾ ?

ਤੀਸਰਾ—(ਬਾਹਰ ਵਲ ਕੰਨ ਲਾਕੇ) ਕੋਈ ਆਉਂਦਾ ਜਾਪਦਾ ਹੈ।

ਚੌਥਾ—(ਧਿਆਨ ਲਾਕੇ) ਹੈ ਤਾਂ ਠੀਕ ਪਰ ਬਾਬਾ ਜੀ ਦੇ ਬਿਨਾ ਹੋਰ ਕੌਣ ਹੋਵੇਗਾ।

ਤੀਸਰਾ—ਲੋ ਔਹ ਆ ਗਏ ਜੇ।

ਚੌਥਾ—ਮੈਂ ਕਿਹਾ ਸੀ ਨਾ ਕਿ ਬਾਬਾ ਜੀ ਹੋਣਗੇ।

ਏਤਨੇ ਨੂੰ ਦੋ ਆਦਮੀਆਂ ਨੂੰ ਨਾਲ ਲੈਕੇ ਬਾਬਾ ਜੀ ਆ ਪਹੁੰਚੇ। ਬਾਬਾ ਜੀ ਓਹ ਹਨ ਜੋ ਮਾਜਰਾਣੀ ਦੇ ਤਲਿਸਮੀ ਦਰੋਗੇ ਸਨ ਓਨਾਂ ਦੇ ਨਾਲ ਇਕ ਤਾਂ ਮਾਜਾਰਾਣੀ ਹੈ ਤੇ ਦੂਸਰਾ ਸ਼ੇਰ ਅਲੀ ਪਟਨੇ ਦਾ ਸੂਬੇਦਾਰ ਜਿਸਦੀ ਧੀ ਰੌਹਰਾ ਹਾਲ ਅਸੀ ਪਿਛੇ ਲਿਖ ਆਏ ਹਾਂ, ਮਾਜਾ ਰਾਣੀ ਨੇ ਇਸ ਵੇਲੇ ਨਕਾਬ ਪਈ ਹੋਈ ਹੈ ਪਰ ਅਜ ਓਸਦੀ ਜ਼ਨਾਨੀ ਪੋਸ਼ਾਕ ਓਸੇ ਹੀ ਢੰਗ ਦੀ ਤੇ ਸ਼ਾਨਦੀ ਹੈ ਜੇਹੀ ਕਿ ਓਹ ਓਸ ਵੇਲੇ ਪਾਉਂਦੀ ਸੀ ਜਦ ਓਹ ਤਲਿਸਮ ਦੀ ਰਾਣੀ ਕਹਾਉਂਦੀਸੀ।

ਹੁਣ ਅਸੀ ਥੋੜਾ ਜਿਹਾ ਹਾਲ ਤੇਜਸਿੰਘ ਦਾ ਭੀ ਲਿਖਣਾ ਉਚਿਤ ਸਮਝਦੇ ਹਾਂ।

ਕਮਲਾ ਦੀ ਜਬਾਨੀ ਸਭ ਗਲ ਸੁਣਕੇ ਤੇਜਸਿੰਘ ਤੁਰਤ

ਤਿਆਰ ਹੋਗਿਆ ਅਰ ਤਾਰਾ ਸਿੰਘ ਆਦਿਕਾਂ ਨੂੰ ਨਾਲ ਲੈਕੇ ਮਹਲ ਦੇ ਓਸ ਪਾਸੇ ਪਹੁੰਚਾ ਜਿਥੇ ਉਪਰ ਲਿਖੀਆਂ ਗਲਾਂ ਹੋ ਰਹੀ ਸਾਂ ਸਨ। ਓਨਾਂ ਪੰਜਾਂ ਬੇਦੀਆਨਾਂ ਨੂੰ ਕਮਰ ਦੇ ਅੰਦਰ ਸਾਂਦਿਆ ਤੇਜਸਿੰਘ ਨੇ ਵਖ ਲਿਆ ਸੀ ਇਸ ਲਈ ਓਹ ਪਿਛਲੇ ਰਸਤ ਕਮਰ ਦੇ ਉਪਰ ਚੜ ਗਏ ਛੱਤ ਦੇ ਵਿਚਕਾਰ ਇਕ ਹੱਥ ਉੱਚਾ ਰੋਸ਼ਨਦਾਨ ਬਣਿਆਂ ਹੋਇਆ ਸੀ ਤੇ ਓਸਦੇ ਚੌਹੀਂ ਪਾਸੀਂ ਅਜਹ ਢੰਗ ਨਾਲ ਸ਼ੀਸ਼ੇ ਲਗੇ ਹੋਏ ਸਨ ਜੋ ਖਲਣ ਨਾਲ ਖੁਲ ਜਾਂਦ ਸਨ, ਤਾਰਾ ਸਿੰਘ ਨੂੰ ਨੰਗੀ ਤਲਵਾਰ ਦੇਕੇ ਪਹਿਰ ਵਾਸਤੇ ਪੌੜੀਆਂ ਕਲ ਛਡਕ ਆਪ ਤੇਜਸਿੰਘ ਦੇਵੀਸਿੰਘ ਤੇ ਭਰੋਂ ਸਿੰਘ ਓਸ ਰੋਸ਼ਨਦਾਨ ਨ ਦੇ ਰਸਤੇ ਹੇਠਲਾ ਹਾਲ ਦੇਖਣ ਲਗ ਪਏ।

ਹੁਣ ਅਸੀਂ ਫੇਰ ਕਮਰੇ ਦੇ ਅੰਦਰ ਦਾ ਹਾਲ ਲਿਖਦੇਹਾਂ ਬਾਬਾ ਜੀ ਨੇ ਆਉਂਦਿਆਂ ਹੀ ਪੰਜਾਂ ਆਦਮੀਆਂ ਵਲ ਦੇਖਕੇ ਕਿਹਾ:-

ਤੁਸੀਂ ਅਜੇ ਤਕ ਕਿਸ ਸੋਚ ਵਿਚਾਰ ਵਿਚ ਪਏ ਹੋ?

ਇਕ-ਓਪਰੀ ਥਾਂ ਤੇ ਅਸੀਂ ਕੇਹੜਾ ਕੰਮ ਛੇਤੀ ਕਰ ਸਕਦੇ ਹਾਂ, ਹਛ ਹੁਣ ਦਸੋ ਕਿ ਏਹੋ ਥਾਂ ਪੁੱਟੀ ਜਾਵਗੀ ਕਿ ਕੋਈ ਹੋਰ?

ਬਾਬਾ-ਹਾਂ ਏਹੋ ਪੁਟੋ, ਬਸ ਛੇਤੀ ਕਰੋ, ਰਾਤ ਬਹਤ ਥੋੜੀ ਹੈ, ਅਠ ਦਸ ਪੱਥਰ ਉਖਾੜ ਲਵੋ, ਛੱਤ ਦੇ ਹੱਥ ਤੋਂ ਵਧੀਕ ਮੋਟੀ ਨਹੀਂ ਹੈ।

ਦੂਸਰ-ਹੁਣੇ ਦੇਖੋ ਸਭ ਕੰਮ ਠੀਕ ਕਰ ਦੇਂਦੇ ਹਾਂ। ਇਹ ਕਹਿਕੇ ਸਭਨਾਂ ਨੇ ਧਰਤੀ ਪੁਟਣੀ ਅਰੰਭ ਕਰ ਦਿਤੀ

ਬਾਬਾ ਜੀ, ਸ਼ੇਰ ਅਲੀ ਤੇ ਮਾਜਾਰਾਣੀ ਗਲਾਂ ਕਰਨ ਲਗ ਪਏ।

ਮਾਜਾ ਰਾਣੀ—ਜਿਸ ਰਸਤੇ ਅਸੀਂ ਆਏ ਹਾਂ ਜੇ ਆਪਣੀ ਫੌਜ ਭੀ ਲੈ ਆਉਂਦੇ ਤਾਂ ਕੀ ਹਰਜ ਸੀ ?

ਬਾਬਾ—ਕਿਸੇ ਕਿਸੇ ਵੇਲੇ ਤੂੰ ਬਾਲਾਂ ਵਾਲੀਆਂ ਗਲਾਂ ਕਰਨ ਲਗ ਪੈਂਦੀਹੈਂ, ਇਕ ਤਾਂ ਤਲਿਸਮੀ ਰਸਤਾ ਅਜੇਹਾ ਨਹੀਂ ਹੈਂ ਕਿ ਸੈਂਕੜੇ ਫੌਜੀ ਆਦਮੀ ਏਸ ਰਸਤੇ ਲਿਆਂਦੇ ਜਾਣ, ਪਤਾ ਨਹੀਂ ਜੇ ਕਿਸ ਪਾਸੇਂ ਕੋਈ ਭੁਲ ਹੋ ਜਾਵੇ ਤੇ ਕੋਈ ਵਿਪਤਾ ਪੈ ਜਾਵੇ, ਇਸਦੇ ਬਿਨਾਂ ਹਜ਼ਾਰਾਂ ਆਦਮੀਆਂ ਨੂੰ ਤਲਿਸਮ ਦਾ ਭੇਤ ਦਸ ਦੇਣਾ ਕੋਈ ਸਾਧਾਰਨ ਗਲ ਹੈ। ਜੇ ਏਹੋ ਗਲ ਹੁੰਦੀ ਤਾਂ ਸਿਆਣੇ ਪਰਸ਼ ਜਿਨ੍ਹਾਂ ਨੇ ਏਹ ਕਿਲਾ ਤੇ ਤਲਿਸਮ ਬਨਾਇਆ ਹੈ। ਇਹ ਜੇ ਹੁਣ ਅਸੀ ਖੋਲ੍ਹਣ ਲਗੇ ਹਾਂ ਕਿਉਂ ਬਨਾਉਂਦੇ? ਇਹ ਭੀ ਜਾਣ ਦੇਵੋ, ਸਭ ਤੋਂ ਵਡੀ ਸੋਚਣਵਾਲੀ ਇਹ ਗਲ ਹੈ ਕਿ ਜਿਧਰੋਂ ਅਸੀਂ ਆਏ ਹਾਂ ਜੇ ਸਾਡੀ ਫੌਜ ਆ ਜਾਵੇ ਤਾਂ ਕੀ ਹਜ਼ਾਰਾਂ ਆਦਮੀਆਂ ਦੇ ਪਹਾੜ ਤੇ ਚੜ੍ਹ ਆਉਣ ਨਾਲ ਏਥੇ ਦੇ ਰਹਿਣਵਾਲਿਆਂ ਨੂੰ ਪਤਾ ਨ ਲਗਦਾ ? ਪਰ ਹੁਣ ਜਦ ਅਸੀ ਇਹ ਰਸਤਾ ਖੋਲ੍ਹ ਦੇਵਾਂਗੇ ਤਾਂ ਸਾਡੀ ਫੌਜ ਨੂੰ ਪਹਾੜ ਤੇ ਚੜਨਾ ਹੀ ਨਹੀਂ ਪਵੇਗਾ ਕਿਉਂਕਿ ਇਸਦਾ ਦੂਸਰਾ ਸਿਰਾ "ਜਸ" ਨਾਮੇ ਨਦੀ ਦੇ ਕੰਢੇ ਕੋਲ ਹੈ ਜੋ ਪਹਾੜ ਦੇ ਹੇਠਾਂ ਖੜੇ ਕਰਕੇ ਵਗਦੀ ਹੈ।

ਮਾਜਾ—ਤਾਂ ਕੀ ਨਦੀ ਤੋਂ ਲੈਕੇ ਏਥੋਂ ਤਕ ਆਉਣ ਲਈ ਪਹਾੜ ਦੇ ਅੰਦਰ ਹੀ ਅੰਦਰ ਪੌੜੀਆਂ ਬਣੀਆਂ ਹੋਈਆਂ ਹਨ ?

ਬਾਬਾ—ਹਾਂ ਏਹੋ ਗਲ ਹੈ। ਰਸਤੇ ਵਲੋਂ ਤਾਂ ਇਹ ਕਿਲਾ

ਠੀਕ "*ਦੇਵਗੜ੍ਹ" ਵਾਂਗ ਬਣਿਆ ਹੋਇਆ ਹੈ ਮੈਂ ਸਮਝਦਾ ਹਾਂ ਕਿ ਇਹ ਰੋਹਤਾਸਗੜ੍ਹ ਦਾ ਕਿਲਾ ਤੇ ਦੇਵ ਗੜ੍ਹ ਦਾ ਕਿਲਾ ਇਕੋ ਆਦਮੀ ਦਾ ਬਨਾਯਾ ਹੋਇਆ ਹੈ।

---

*ਦੇਵ ਗੜ੍ਹ ਦਾ ਕਿਲਾ ਹੈਦਰਾਬਾਦ ਤੋਂ ਤਿੰਨ ਕੋਹ ਪਰੇ ਉੱਤਰ ਪਛਮ ਵਲ ਹੈ ਇਹ ਕਿਲਾ ਬੜੇ ਹੀ ਅਜੀਬ ਢੰਗ ਤੇ ਬੜੇ ਉੱਚੇ ਪਹਾੜ ਦੇ ਉਪਰ ਬਣਿਆਂ ਹੋਇਆ ਹੈ ਪਹਾੜ ਦਾ ਬਹੁਤ ਸਾਰਾ ਹਿੱਸਾ ਛਿਲਕੇ ਕੰਧਾਂ ਬਨਾਈਆਂ ਗਈਆਂ ਹਨ ਪਹਾੜ ਦੇ ਦੋਹੀਂ ਪਾਸੀਂ ਖਾਈ ਹੈ ਤੇ ਓਸਦੇ ਬਾਹਰ ਤਿਹੱਤੀ ਕੰਧ ਹੈ, ਓਸਦੇ ਅੰਦਰ ਜਾਣ ਦਾ ਰਸਤਾ ਕਿਸੇ ਨੂੰ ਮਲਮ ਹੀ ਨਹੀਂ ਹੁਦਾ ਤਿੰਨਾਂ ਕੰਧਾਂ ਦੇ ਬਾਹਰ ਸ਼ਹਿਰ ਵਸਦਾ ਹੈ ਤੇ ਸ਼ਹਿਰ ਦੇ ਬਾਹਰ ਦੋਹੀਂ ਪਾਸੀਂ ਕਧ ਬੜੀ ਪੱਕੀ ਵਲੀ ਹੋਈ ਹੈ. ਪਹਾੜ ਕੱਟਕੇ ਅੰਦਰ ਹੀ ਅੰਦਰ ਕਿਲੇ ਵਿਚ ਜਾਣ ਵਾਸਤੇ ਪੌੜੀਆਂ ਬਣੀਆਂ ਹੋਈਆਂ ਹਨ, ਬਿਨਾਂ ਜਾਨਣ ਦੇ ਕੋਈ ਭੀ ਆਦਮੀ ਇਨਾਂ ਪੌੜੀਆਂ ਤੇ ਨਹੀਂ ਚੜ ਸਕਦਾ, ਕਿਲ ਦੇ ਅੰਦਰ ਜਿਥੇ ਪੌੜੀਆਂ ਮੁਕੀਆਂ ਹਨ, ਓਥੇ ਬੜਾ ਭਾਰਾ ਲੋਹੇ ਦਾ ਤਵਾ ਪਿਆ ਹੋਇਆ ਹੈ ਜੋ ਇਸ ਲਈ ਹੈ ਕਿ ਜੇ ਕਦੇ ਕੋਈ ਵੈਰੀ ਇਸ ਰਸਤੇ ਆ ਜਾਵੇ ਤਾਂ ਤਵੇ ਦੇ ਉਪਰ ਸੇਕ ਕੜੇ ਅਗ ਲਕੜਾਂ ਰਖਕੇ ਅੱਗ ਲਾ ਦਿਤੀ ਜਾਵੇ ਜਿਸਦੇ ਸੇਕ ਨਾਲ ਵੈਰੀ ਅੰਦਰ ਹੀ ਅੰਦਰ ਸੜ ਮਰਨ, ਇਸ ਕਿਲੇ ਦੇ ਅੰਦਰ ਪਾਣੀ ਦੇ ਕਈ ਕੁੰਡ ਹਨ ਤੇ ਇਕ ਬੁਰਜ ਪੜ ਗਜ ਉੱਚਾ ਹੈ ਜਿਸਦੇ ਉਪਰ ਚੜਕੇ ਦੇਖਣ ਨਾਲ ਬੜਾ ਅਨੰਦ ਆਉਂਦਾ ਹੈ, ਏਹ ਕਿਲਾ ਹੁਣ ਭੀ ਦੇਖਣ ਜੋਗ ਹੈ, ਅਕਲ-

ਮਾਯਾ:-ਤਾਂ ਕੀ ਫੌਜੀ ਸਿਪਾਹੀ ਅੰਦਰੋਂ ਹੀ ਏਸ ਛੱਤ ਨੂੰ ਨਹੀਂ ਤੋੜ ਸਕਦੇ ਸਨ ਜੋ ਸਾਨੂੰ ਬਾਹਰੋਂ ਆਕੇ ਇਹ ਕੰਮ ਕਰਨਾ ਪਿਆ ?

ਬਾਬਾ-ਨਹੀਂ ਇਸਦਾ ਭੀ ਕੋਈ ਖਾਸ ਕਾਰਨ ਹੈ ਜੋ ਹੁਣ ਛੱਤ ਦੇ ਹੇਠਾਂ ਜਾਂਦਿਆਂ ਹੀ ਤੈਨੂੰ ਮਲੂਮ ਹੋ ਜਾਵੇਗਾ। ਸ਼ੇਰਅਲੀ ਵਲ ਤਕ ਕੇ ਮੈਂ ਸਮਝਦਾ ਹਾਂ ਕਿ ਆਪ ਦੀ ਫੌਜ ਹੁਣ ਠੀਕ ਟਿਕਾਣੇ ਨਦੀ ਦੇ ਕੰਢੇ ਪਹੁੰਚ ਗਈ ਹੋਵੇਗੀ।

ਸ਼ੇਰ:-ਹਾਂ ਜ਼ਰੂਰ ਪਹੁੰਚ ਗਈ ਹੋਵੇਗੀ ਬਸ ਹੁਣ ਸਾਡੀ ਜਾਣ ਦੀ ਵਿਉਂਤ ਹੈ ਪਰ ਹੁਣ ਰਾਤ ਬਹੁਤ ਥੋੜੀ ਰਹਿ ਗਈ ਹੈ।

ਬਾਬਾ-ਕੋਈ ਹਰਜ ਨਹੀਂ ਅਜਕਲ ਇਹ ਬਾਗ ਬਿਲਕੁਲ ਸੁਣਾ ਰਹਿੰਦਾ ਹੈ ਕੋਈ ਤਕਦਾ ਭੀ ਨਹੀਂ ਜੇ ਪਹਿਰ ਦਿਨ ਚੜ ਤਕ ਭੀ ਸਾਡੀ ਫੌਜ ਆ ਜਾਵੇਗੀ ਤਾਂ ਭੀ ਕਿਸੇ ਨੂੰ ਪਤਾ ਨਹੀਂ ਲਗੇਗਾ ਅਰ ਅੱਖਦੇ ਫੌਰ ਵਿਚ ਇਹ ਕਿਲ੍ਹਾ ਆਪਣਾ ਹੋ ਜਾਵੇਗਾ ਕਿਉਂਕਿ ਇਸ ਵਲੇ ਕਮਲਨੀ, ਕਿਸ਼ੋਰੀ, ਕਾਮਨੀ,

---

-ਕੁੰਮ ਹੁੰਦੀ ਹੈ ਕੋਈ ਇਸਨੂੰ ਜਿਤ ਨਹੀਂ ਸਕਦਾ, ਚੌਦਵੀਂ ਸਦੀ ਵਿਚ ਦਿੱਲੀ ਦਾ ਬਾਦਸ਼ਾਹ "ਮੁਹੰਮਦ ਤੁਗਲਕ" ਦਿੱਲੀ ਉਜਾੜਕੇ ਓਥੋਂ ਦੀ ਪਰਜਾ ਨੂੰ ਦੇਵਗੜ੍ਹ ਵਸਣ ਲਈ ਲੈ ਗਿਆ ਸੀ ਅਰ ਦੇਵਗੜ੍ਹ ਦਾ ਨਾਉਂ "ਦੌਲਤ ਆਬਾਦ" ਰਖਕੇ ਆਪਣੀ ਰਾਜਧਾਨੀ ਬਨਾਈ ਸੀ ਪਰੰਤੂ ਛੇਕੜ ਓਸਨੂੰ ਮੜ ਆਉਣਾ ਪਿਆ, ਦੇਵਗੜ੍ਹ ਦੇ ਇਰਦ ਗਿਰਦ ਹੋਰ ਭੀ ਕਈ ਥਾਂਵਾਂ ਦੇਖਣ ਦੇ ਜੋਗ ਹਨ ਜੇਹਾਕੁ ਏਲੋਰਾ ਦੀ ਗੁਫਾ, ਜਿਸਦਾ ਆਨੰਦ ਦੇਖਣ ਵਾਲਿਆਂ ਨੂੰ ਹੀ ਆ ਸਕਦਾ ਹੈ।

ਲਾਛਲੀ ਅਤੇ ਤਾਰਾ ਭੀ ਇਸੇ ਕਿਲੇ ਵਿਚ ਹਨ।

ਏਨੇ ਨੂੰ ਬਾਹਰੋਂ ਕਿਸੇ ਪਾਸਿਓਂ ਅਵਾਜ਼ ਆਈ "ਤਾਰਾ ਨ ਕਹੋ ਲਛਮੀ ਦੇਵੀ ਕਹੋ ਕਿਉਂਕਿ ਲਛਮੀ ਦੇਵੀ ਤੇ ਤਾਰਾ ਵਿਚ ਕੋਈ ਭੇਤ ਨਹੀਂ ਹੈ।"

ਇਹ ਅਵਾਜ਼ ਸੁਣਕੇ ਸਭ ਤ੍ਰਬਕ ਉਠੇ ਅਤ ਹੈਰਾਨਹੋਕੇ ਬਾਹਰ ਵਲ ਦੇਖਣ ਲਗ ਪਏ ਅਰ ਇਕ ਅਨੋਖੇ ਢੰਗ ਦਾ ਆਦਮੀ ਅੰਦਰ ਆਉਂਦਾ ਦਿਸਿਆ, ਸਾਰੇ ਏਯਾਰ ਭੀ ਨੇ ਛੱਤ ਤੇ ਬੈਠੇ ਸਭ ਕੁਛ ਦੇਖ ਰਹੇ ਸਨ ਬੜੀ ਹੈਰਾਨੀ ਨਾਲ ਇਸ ਆਦਮੀ ਵਲ ਵੇਖ ਰਹੇ ਸਨ।

ਓਸ ਅਨੋਖੇ ਆਦਮੀ ਦਾ ਸਾਰਾ ਸਰੀਰ ਵਡਮੁਲੀ ਕਾਲੀ ਪੋਸ਼ਾਕ ਨਾਲ ਢੱਕਿਆ ਹੋਯਾ ਸੀ, ਨਿਰੇ ਮੂੰਹ ਤੇ ਬਰੀਕ ਫੌਲਾਦੀ ਜਾਲੀ ਪਈ ਹੋਈ ਸੀ, ਫੌਲਾਦੀ ਸੰਜੋਆਂ ਨਾਲ ਸਾਰਾ ਸਰੀਰ ਢੱਕਿਆ ਹੋਯਾ ਸੀ, ਚੇਹਰ ਦਾ ਬੜਾ ਹੀ ਕਾਲਾ ਸੀ ਤੇ ਲਾਲ ੨ ਅੱਖਾਂ ਅਜੇਹੀਆਂ ਚਮਕ ਰਹੀਆਂ ਸਨ ਕਿ ਦੇਖਣ ਤੋਂ ਡਰ ਲਗਦਾ ਸੀ, ਇਹ ਆਦਮੀ ਬੜਾ ਹੀ ਬਹਾਦਰ ਸੀ ਇਸਦੇ ਜੋਰ ਦਾ ਪਤਾ ਏਸੇ ਤੋਂ ਹੀ ਲਗ ਸਕਦਾ ਸੀ ਕਿ ਉਸਦੇ ਸਰੀਰ ਤੋਂ ਘਟ ਤੋਂ ਘਟ ਦੋ ਮਣ ਪੱਕਾ ਲੋਹੇ ਦਾ ਭਾਰ ਸੀ ਇਸਦੀ ਚਾਲ ਗੰਭੀਰ ਸੀ ਅਰ ਖੰਜਰ ਦੇ ਬਿਨਾ ਹੋਰ ਕੋਈ ਹਥਯਾਰ ਉਸਦੇ ਪਾਸ ਨਹੀਂ ਸੀ। ਉਸ ਅਨੋਖੇ ਆਦਮੀਦੇ ਆਉਣ ਨਾਲ ਸਭਨਾਂ ਨੂੰ ਡਰਤੇ ਸਹਿਮ ਛਾ ਗਿਆ ਅਰ ਬਾਬਾ ਜੀ ਨੇ ਘਬਰਾਈ ਹੋਈ ਅਵਾਜ਼ ਵਿਚ ਕਹਾ:—ਆਪ ਕੌਣ ਹੋ ?

ਆਦਮੀ—ਮੈਂ ਜਿੰਨ ਹਾਂ।

ਬਾਬਾ—ਮੈਂ ਨਹੀਂ ਸਮਝਦਾ ਜੋ ਜਿੰਨ ਕਿਸਨੂੰ ਆਖਦੇਹਨ।

ਆਦਮੀ-ਜਿੰਨ ਉਸਨੂੰ ਕਹਿੰਦੇ ਹਨ ਜੋ ਸਭ ਜਗਾ ਪਹੁੰਚ ਸਕੇ, ਭੂਤ ਭਵਿਖ ਤੇ ਵਰਤਮਾਨ ਤਿੰਨ ਹੀ ਸਮਿਆਂ ਦਾ ਹਾਲ ਜਾਣੇ ਕਈ ਹਥਿਆਰ ਉਸਤੇ ਵਾਰ ਨ ਕਰੇ ਤੇ ਨ ਕਿਸੇ ਦੇ ਮਾਰਿਆਂ ਮਰੇ।

ਬਾਬਾ-(ਹੈਰਾਨੀ ਨਾਲ) ਤਾਂ ਕੀ ਇਹ ਸਭ ਗੁਣ ਆਪੇ ਵਿਚ ਹਨ ?

ਜਿੰਨ-ਬੇਸ਼ਕ !

ਬਾਬਾ-ਮੈਂ ਕਿਸਤਰਾਂ ਸਮਝਾਂ ?

ਜਿੰਨ- ਤਾਵਾ ਲੈਕੇ ਦੇਖ ਲਵੋ।

ਬਾਬਾ ਜੀ ਤਾਂ ਜਿੰਨ ਨਾਲ ਗਲਾਂ ਕਰ ਰਹੇ ਸਨ ਪਰ ਮਾਹਾਰਾਣੀ ਤੇ ਸ਼ੇਰਅਲੀ ਦਾ ਕਲੇਜਾ ਡਰ ਨਾਲ ਉਛਲਦਾ ਜਾਂਦਾ ਸੀ, ਮਹਾਰਾਣੀ ਤਾਂ ਇਸਤ੍ਰੀ ਸੀ, ਪਰੰਤੂ ਸ਼ੇਰ ਅਲੀ ਬਹਾਦਰ ਹੋਕੇ ਭੀ ਡਰ ਨਾਲ ਕੰਬ ਰਿਹਾ ਸੀ ਉਸਦਾ ਕਾਰਨ ਇਹ ਸੀ ਕਿ ਮੁਸਲਮਾਨ ਲੋਕ ਜਿੰਨ ਦਾ ਹੋਣਾ ਸੱਚ ਜਾਣਦੇ ਹਨ ਭਾਵੇਂ ਕੁਛ ਹੋਵ ਪਰ ਬਾਬਾ ਜੀ ਨੂੰ ਜਿੰਨ ਦੀਆਂ ਗਲਾਂ ਦਾ ਨਿਸਚਾ ਨਹੀਂ ਹੁੰਦਾ ਸੀ, ਪਰ ਜਿਸ ਵੇਲੇ ਓਸਨੇ ਕਿਹਾ ਕਿ ਪਰਤਾਵਾ ਲੈਕੇ ਦੇਖ ਲਵੋ ਓਸ ਵੇਲੇ ਦਰੋਗੇ ਦੇ ਭੀ ਛਕੇ ਛੁਟ ਗਏ ਅਤੇ ਓਹ ਸੋਚਣ ਲਗਾ ਕਿ ਕਿਸਤਰਾਂ ਪਰਤਾਈਏ ?

ਜਿੰਨ-ਮੈਂ ਸਹ ਰਿਹਾ ਹੈਂ ਕਿ ਕਿਸਤਰਾਂ ਪਰਤਾਵਾ ਲਈਏ ਪਰ ਤੇਰ ਪਾਸ ਕੋਈ ਢੰਗ ਪਰੀਖਜਾ ਲੇਣ ਦਾ ਨਹੀਂ ਹੈ, ਚੱਲੋ ਅਸੀਂ ਆਪਹੀ ਆਪਣੀ ਗੱਲ ਦਾ ਪਰਮਾਣ ਦੇਂਦੇ ਹਾਂ ਲੈ ਸੰਭਲ ਜਾਓ ! ਇਹ ਕਹਿਕੇ ਜਿੰਨ ਨੇ ਇਕ ਉਬਾਸੀ ਲਈ ਅਰ ਆਪਣਾ ਸਰੀਰ ਛੱਡਿਆ ਤਾਂ ਸਾਰੇ ਸਰੀਰ ਵਿਚੋਂ ਅੱਗਦੀਆਂ

ਚੰਗਾੜੀਆਂ ਨਿਕਲਨ ਲਗ ਪਈਆਂ ਤੇ ਏਤਨੀ ਚਮਕ ਹੋਈ ਕਿ ਸਭਨਾਂ ਦੀਆਂ ਅੱਖਾਂ ਬੰਦ ਹੋਗਈਆਂ, ਇਹ ਚਮਕ ਉਸ ਤੋਲਾਦ ਸਜੋਅ ਤੇ ਜਾਲ ਵਿਚੋਂ ਨਿਕਲ ਰਹੀ ਸੀ ਜੋ ਓਸਨੇ ਪਾਈ ਹੋਈ ਸੀ। ਇਹ ਹਾਲ ਦੇਖ ਮਾਜਾਰਾਣੀ, ਸ਼ੇਰਅਲੀ ਤੇ ਪੰਜੋ ਆਦਮੀ ਘਬਰਾ ਗਏ ਪਰ ਦੋਤੇਗੇ ਨੂੰ ਨਿਸਰਾ ਨ ਹੋਯਾ, ਓਸਨੇ ਤਲਿਸਮੀ ਖੰਜਰਵਾਂਗ ਉਸ ਸੰਜੋਅ ਤੇ ਜਾਲ ਵਿਚ ਭੀ ਕੋਈ ਤਲਿਸਮੀ ਅਸਰ ਸਮਝਿਆ ਤੇ ਕਿਹਾ:-

ਸਾਨੂੰ ਇਸ ਨਾਲ ਕੋਈ ਪ੍ਰਯੋਜਨ ਨਹੀਂ ਤੁਸੀਂ ਇਹ ਦਸੋ ਕਿ ਇਥੇ ਆਏ ਕਿਉਂ ਹੋ ?

ਜਿੰਨ-(ਚਿੰਗਾੜੀਆਂ ਤੇ ਚਮਕ ਬੰਦ ਕਰਕੇ) ਤੁਹਾਡੀ ਬਦਆਮਲ ਦਾ ਤਮਾਸ਼ਾ ਦੇਖਣ ਤੇ ਤੁਹਾਡੇ ਕੰਮ ਵਿਚ ਵਿਘਨ ਪਾਉਣ ਲਈ।

ਦਰੋਗਾ-ਇਹ ਤਾਂ ਮੈਂ ਚੰਗੀਤਰਾਂ ਜਾਣਦਾ ਹਾਂ ਕਿ ਨ ਤੁਸੀ ਜਿੰਨ ਹੋ ਨ ਕੁਤਨੇ ਸਗੋਂ ਕੋਈ ਚਾਲਾਕ ਏਯਾਰ ਹੋ ਅਤ ਇਹ ਸੰਜੋਅ ਆਦਿਕ ਸਭ ਤਲਿਸਮੀ ਸਮਾਨ ਹੈ ਤ ਤਹਾਨੂੰ ਕੋਈ ਮੁਖਾਲੇ ਹੀ ਨਹੀਂ ਫੜ ਸਕਦਾ ਪਰ ਨਾਲ ਹੀ ਇਹ ਭੀ ਸਮਝ ਲੈਣਾ ਕਿ ਮੈਂ ਭੀ ਤਲਿਸਮ ਦਾ ਦਰੋਗਾ ਹਾਂ ਅਰ ਚਾਲੀਹ ਵਰਹ ਤਕ ਤਲਿਸਮ ਦਾ ਪ੍ਰਬੰਧ ਕਰਦਾ ਰਿਹਾ ਹਾਂ।

ਜਿੰਨ-(ਹੱਸਕੇ)ਬੇਈਮਾਨ ! ਉਲੂ ਦਾ ਪੱਠਾ ਕਿਤੋਂ ਦਾ।

ਦਰੋਗਾ-ਬਸ ਮੂੰਹ ਸੰਭਾਲਕੇ ਬੋਲੋ।

ਜਿੰਨ-ਜਾਹ ਦੂਰ ਹੋ ਜਾਹ ਮਾਹਮਾਹਿਓ ! ਇਹ ਦੁਸ਼ਟ ਚਾਲੀਹ ਵਰਹ ਤਕ ਤਲਿਸਮ ਦਾ ਪ੍ਰਬੰਧ ਕਰਦਾ ਰਿਹਾ ਹੈ ! ਜੇ ਤੇਰੇ ਵਰਗੇ ਬੇਈਮਾਨ ਤੇ ਮਾਲਕ ਦਾ ਜਾਨ ਲੈਣ ਵਾਲੇ

ਤਲਿਸਮੀ ਕਾਰਖਾਨਿਆਂ ਨੂੰ ਜਾਨ ਲੈਣ ਤਾਂ ਆਈ ਗਈ ਗਲ। ਹੱਛਾ ਹੁਣ ਸੁਖ ਤਾਂ ਏਸੇ ਵਿਚ ਹੈ ਕਿ ਤੁਸੀ ਲੋਕ ਏਥੋਂ ਚਲੇ ਜਾਓ ਨਹੀਂ ਤਾਂ ਚੰਗਾ ਨ ਹੋਵੇਗਾ।

ਇਹ ਕਹਿਕੇ ਓਸਨੇ ਸ਼ੇਰਅਲੀ, ਮਾਯਾ ਰਾਣੀ ਤੇ ਉਨ੍ਹਾਂ ਪੰਜਾਂ ਆਦਮੀਆਂ ਵਲ ਦੇਖਿਆ ਜੋ ਪਹਿਲੇ ਆਏ ਸਨ।

ਪਹਿਲਾਂ ਤਾਂ ਦਰੋਗੇ ਨੇ ਕੁਛ ਸੋਚਿਆ ਫੇਰ ਸ਼ੇਰਅਲੀ ਵਲ ਦੇਖਕੇ ਕਿਹਾ:—ਕੀ ਇਹ ਨਕੰਮਾ ਏਯਾਰ ਮੱਕਾਰੀ ਨਾਲ ਸਾਡੀ ਬਣੀ ਬਣਾਈ ਖੇਡ ਵਿਗਾੜ ਦੇਵੇਗਾ, ਦੇਖਦੇ ਕੀ ਹੋ, ਮਾਰੋ ਇਸ ਨੀਚ ਨੂੰ ਜਾਣਾ ਨ ਪਾਵੇ।

ਸ਼ੇਰਅਲੀ ਪਹਿਲਾਂ ਤਾਂ ਕੁਛ ਸਹਮਿਆ ਹੋਯਾ ਸੀ ਪਰ ਦਰੋਗੇ ਦੀਆਂ ਗਲਾਂ ਨੇ ਉਸਨੂੰ ਨਿਡਰ ਕਰ ਦਿਤਾ ਅਰ ਜਿੰਨ ਦਾ ਧਿਆਨ ਹਟਾਕੇ ਓਸਨੇ ਭੀ ਸੋਚਿਆ ਕਿ ਜ਼ਰੂਰ ਇਹ ਕੋਈ ਏਯਾਰ ਹੈ, ਛੇਕੜ ਉਸਨੇ ਤਲਵਾਰ ਧੂਹ ਲਈ ਅਰ ਓਨਾਂ ਪੰਜਾਂ ਆਦਮੀਆਂ ਵਲ ਜੋ ਧਰਤੀ ਪੁਟ ਰਹੇ ਸਨ ਕੋਈ ਸੈਨਤ ਕੀਤੀ ਤੇ ਫੇਰ ਜਿੰਨਤੇ ਵਾਰਕੀਤਾ ਜਿੰਨਨੇ ਇਸਦੀ ਕੁਛ ਪ੍ਰਵਾਹ ਨਾਕੀਤੀਤੇ ਚੁਪਚਾਪ ਖਲੋਤਾ ਰਿਹਾ, ਸ਼ੇਰਅਲੀ ਦੀ ਤਲਵਾਰ ਬੜੇ ਜ਼ੋਰਨਾਲ ਓਸਦੇ ਮੋਢੇ ਤੇ ਵਜੀ ਪਰ ਕੋਈ ਘਾਉ ਕਰਨ ਦੀ ਥਾਂ ਆਪਹੀ ਦੋ ਟੋਟੇ ਹੋ ਗਈ, ਫੇਰ ਓਨਾਂ ਪੰਜਾਂ ਆਦਮੀਆਂ ਨੇ ਵਾਰ ਕੀਤਾ ਪਰ ਜਿੰਨਨੇ ਉਸਦੀ ਬੀ ਕੋਈ ਪ੍ਰਵਾਹ ਨ ਕੀਤੀ ਅਰ ਛੇਤੀ ਨਾਲ ਸ਼ੇਰਅਲੀ ਦੇ ਗਲ ਵਿਚ ਹੱਥ ਪਾਕੇ ਪੈਰ ਦਾ ਅੜਿਕਾ ਦੇਕੇ ਹੇਠਾਂ ਸੁਟ ਲਿਆ ਤੇ ਆਪ ਛੇਤੀ ਨਾਲ ਓਸਦੇ ਉਤੇ ਸਵਾਰ ਹੋ ਗਿਆ ਅਤੇ ਜ਼ੋਰਦੀ ਬੋਲਿਆ:—"ਖਬਰਦਾਰ ਕੋਈ ਮੇਰੇ ਤੇ ਵਾਰ ਨ ਕਰੇ ਜੇ ਕੋਈ ਮੇਰੇ ਵਲ ਆਇਆ ਤਾਂ ਮੈਂ ਸ਼ੇਰਅਲੀ ਦਾ

ਸਿਰ ਵੱਢ ਦੇਵਾਂਗਾ।"

ਜਿੰਨ ਦੀ ਗਲ ਸੁਣਕੇ ਓਹ ਆਦਮੀ ਰੁਕ ਗਏ ਅਤੇ ਅਚੰਭਤ ਹੋਕੇ ਦੇਖਣ ਲਗ ਪਏ। ਜਿੰਨਦੀ ਇਸ ਕਾਰਰਵਾਈ ਨੇ ਮਾਜਾਰਾਣੀ ਤੇ ਦਰੋਗੇ ਨੂੰ ਭੀ ਪੱਥਰ ਦੇ ਬੁਤ ਬਣਾ ਦਿਤਾ।

ਜਿੰਨ ਨੇ ਬੜੀ ਨਰਮੀ ਨਾਲ ਸ਼ੇਰਅਲੀ ਨੂੰ ਕਿਹਾ ਜੋ ਜਿੰਨ ਦੇ ਹੇਠਾਂ ਬੇਵਸ ਪਿਆ ਹੋਯਾ ਜਾਨ ਤੋਂ ਹੱਥ ਧੋਈ ਬੈਠਾ ਸੀ:-ਮੈਨੂੰ ਤੁਹਾਡੇ ਨਾਲ ਕੋਈ ਵੈਰ ਭਾਵ ਨਹੀਂ ਤੇ ਨਾ ਹੀ ਮੈਂ ਤੁਹਾਨੂੰ ਮਾਰਨਾ ਚਾਹੁੰਦਾ ਹਾਂ, ਕੁਲ ਦੋ ਗਲਾਂ ਤੁਹਾਥੋਂ ਪੁਛਣੀਆਂ ਚਾਹੁੰਦਾਹਾਂ ਜੇ ਝੂਠ ਬੋਲੋਗੇਤਾਂ ਫੇਰ ਮੈਂ ਭੀ ਤਰਸ ਨਹੀਂ ਕਰਾਂਗਾ।

ਸ਼ੇਰਅਲੀ ਖਾਂ-ਓਹ ਦੋ ਗਲਾਂ ਕੇਹੜੀਆਂ ਹਨ ?

ਜਿੰਨ-ਇਕ ਤਾਂ ਇਹ ਕਿ ਜੋ ਕੁਛ ਮੈਂ ਪੁਛਾਂ ਉਸਦਾ ਉੱਤਰ ਸੱਚੋ ਸੱਚ ਦੇਣਾ ਤੇ ਦੂਸਰੀ ਗਲ ਮੈਂ ਫੇਰ ਦਸਾਂਗਾ।

ਸ਼ੇਰਅਲੀ ਖਾਂ-ਬਹੁਤ ਹਛਾ ਪੁਛੋ।

ਜਿੰਨ-ਤੁਸੀ ਇਸ ਨੀਚਣੀ "ਮੁੰਦਰ" ਦੇ ਨਾਲ ਕਿਉਂ ਆਏ ਜਿਸਨੇ ਆਪਣੇ ਆਪ ਨੂੰ ਮਾਜਾਰਾਣੀ ਪ੍ਰਗਟ ਕੀਤਾ ਹੋਇਆ ਹੈ ?

"ਮੁੰਦਰ" ਦੇ ਸ਼ਬਦ ਵਿਚ ਪਤਾ ਨਹੀਂ ਜੋ ਕੀ ਜਾਦੂ ਸੀ ਜੋ ਉਸਨੇ ਮਾਜਾਰਾਣੀ ਤੇ ਦਰੋਗੇ ਦਾ ਕਲੇਜਾ ਕੰਬਾ ਦਿੱਤਾ ਇਹ ਇਕ ਅਜੇਹੀ ਭੇਤ ਭਰੀ ਗਲ ਸੀ ਜਿਸਨੂੰ ਓਹ ਸੁਣਨਾ ਨਹੀਂ ਚਾਹੁੰਦੇ ਸਨ।

ਸ਼ੇਰਅਲੀ ਖਾਂ-(ਅਚੰਭਤ ਹੋਕੇ) ਮੁੰਦਰ !

ਜਿੰਨ-ਹਾਂ ਮੁੰਦਰ ! ਇਹ ਨਾ ਸਮਝਣਾ ਕਿ ਇਹ ਤੁਹਾਡੇ ਮਿਤਰ ਬਲਭੱਦ੍ਰ ਸਿੰਘ ਦੀ ਧੀ ਹੈ।

ਸ਼ੇਰਅਲੀ ਖਾਂ—ਤਾਂ ਕੀ ਇਹ ਮੇਰੇ ਮਿਤਰ ਦੇ ਵੈਰੀ ਹੇਲਾ ਸਿੰਘ ਦੀ ਧੀ ਮੁੰਦਰ ਹੈ ?

ਜਿੰਨ—ਜੀ ਹਾਂ ।

ਸ਼ੇਰਅਲੀ ਖਾਂ—(ਜੋਸ਼ ਨਾਲ) ਬੱਸ ਆਪ ਕ੍ਰਿਪਾ ਕਰਕੇ ਮੈਨੂੰ ਛੱਡ ਦੇਵੋ, ਜੇ ਆਪ ਬਹਾਦਰ ਹੋ ਤੇ ਆਪ ਨੂੰ ਬਹਾਦਰੀ ਦਾ ਘੁਮੰਡ ਹੈ ਤਾਂ ਮੈਨੂੰ ਛੱਡ ਦੇਵੋ ਮੈਂ ਸੌਂਹ ਖਾਕੇ ਆਖਦਾ ਹਾਂ ਕਿ ਜੇ ਆਪ ਦੀ ਗਲ ਸੱਚੀ ਨਿਕਲੀ ਤਾਂ ਮੈਂ ਸਾਰੀ ਉਮਰ ਆਪ ਦਾ ਦਾਸ ਰਹਾਂਗਾ ।

ਜਿੰਨ ਤੁਰਤ ਉਸਦੀ ਛਾਤੀ ਤੋਂ ਉਠਕੇ ਮਾਜਾਰਾਣੀ ਤੇ ਦਰੋਗੇ ਵੱਲ ਦੇਖਣ ਲੱਗ ਪਿਆ ਜਿਨ੍ਹਾਂ ਦੇ ਮੂੰਹ ਤੇ ਮੁਰਦੇ-ਹਾਣੀ ਵਰਤੀ ਹੋਈ ਸੀ । ਸ਼ੇਰਅਲੀਖਾਂ ਭੀ ਉਠ ਖਲੋਤਾ ਤੇ ਉਸਨੇ ਕ੍ਰੋਧ ਨਾਲ ਮਾਜਾਰਾਣੀ ਵੱਲ ਦੇਖਕੇ ਕਿਹਾ:—ਏਸ ਬਹਾਦਰ ਨੇ ਜੋ ਕੁਛ ਕਿਹਾ ਹੈ ਓਹ ਠੀਕ ਹੈ ?

ਮਾਜਾਰਾਣੀ—ਝੂਠ ਉੱਕਾ ਹੀ ਝੂਠ !

ਜਿੰਨ—ਸ਼ਾਇਦ ਮੁੰਦਰ ਨੂੰ ਇਸ ਗਲ ਦਾ ਪਤਾ ਨਹੀਂ ਕਿ ਅਸਲੀ ਮਾਜਾਰਾਣੀ ਅਰਥਾਤ ਲਛਮੀਂ ਦੇਵੀ ਦਾ ਪਿਓ ਪ੍ਰਗਟ ਹੋ ਗਿਆ ਹੈ ਅਰ ਰਾਜਾ ਬੀਰੇਂਦ੍ਰ ਸਿੰਘ ਦੇ ਏਜਾਰਾਂ ਦੇ ਸਾਹਮਣੇ ਆਪਣੀਆਂ ਧੀਆਂ ਨੂੰ ਮਿਲਿਆ ਹੈ । ਲਛਮੀਦੇਵੀ ਜੋ ਤਾਰਾ ਬਣੀ ਹੋਈ ਕਮਲਨੀ ਦੇ ਪਾਸ ਰਹਿੰਦੀ ਸੀ ਤੇ ਅੱਜ ਤਕ ਕਮਲਨੀ ਨੂੰ ਭੀ ਇਸ ਗਲ ਦਾ ਪਤਾ ਨਹੀਂ ਸੀ, ਹੁਣ ਪ੍ਰਗਟ ਹੋ ਗਈ ਹੈ, ਇਸ ਵੇਲੇ ਬਲਭੱਦ੍ਰ ਸਿੰਘ ਤੇ ਲਛਮੀਦੇਵੀ ਇਸੇ ਕਿਲੇ ਰੋਹਤਾਸਗੜ੍ਹ ਵਿਚ ਹਨ (ਸ਼ੇਰਅਲੀ ਨੂੰ) ਮੈਂ ਸਮਝਦਾ ਹਾਂ ਕਿ ਆਪ ਉਸਨੂੰ ਮਿਲਕੇ ਪ੍ਰਸੰਨ ਹੋਵੋਗੇ ਤੇ ਫੇਰ

ਆਪ ਨੂੰ ਸੱਚ ਝੂਠ ਸਭ ਮਲੂਮ ਹੋ ਜਾਏਗਾ, ਹਛਾ ਹੁਣ ਮੈਂ ਜਾਂਦਾ ਹਾਂ ਜੋ ਉਚਿਤ ਸਮਝੇ ਸੋ ਕਰੋ।

ਸ਼ੇਰਅਲੀਃ-ਸੁਣੋ ਤਾਂ ਸਹੀ, ਓਹ ਦੂਸਰੀ ਗਲ ਤੁਸਾਂ ਦੱਸੀ ਹੀ ਨਹੀਂ।

ਜਿੰਨ-ਹੁਣ ਉਸਦੇ ਦੱਸਣ ਦੀ ਕੋਈ ਲੋੜ ਨਹੀਂ ਫੇਰ ਕਦੇ ਦੇਖਿਆ ਜਾਵੇਗਾ। ਇਹ ਕਹਿਕੇ ਜਿੰਨ ਓਥੋਂ ਤੁਰਦਾ ਹੋਇਆ ਤੇ ਏਹਨਾਂ ਸਭਨਾਂ ਨੂੰ ਹੈਰਾਨੀ ਵਿਚ ਛੱਡ ਗਿਆ। ਮਾਜਾਰਾਣੀ ਤੇ ਦਰੋਗੇ ਦੀ ਹੋਰ ਹੀ ਦਸ਼ਾ ਸੀ ਮੌਤ ਦੀ ਭਯਾਨਕ ਮੂਰਤ ਅੱਖਾਂ ਦੇ ਅੱਗੇ ਫਿਰ ਰਹੀ ਸੀ, ਸਰੀਰ ਕੰਬ ਰਿਹਾ ਸੀ ਸਿਰ ਨੂੰ ਚੱਕਰ ਆਉਂਦੇ ਸਨ, ਇਤਨੀ ਨਿਰਬਲਤਾ ਹੋ ਗਈ ਸੀ ਕਿ ਖੜੇ ਹੋਣਾ ਮੁਸ਼ਕਲ ਸੀ, ਸੋ ਓਹ ਦੋਵੇਂ ਬੈਠ ਗਏ ਤੇ ਮੌਤ ਨੂੰ ਉਡੀਕਣ ਲਗੇ।

ਜਿੰਨ ਦੇ ਚਲੇ ਜਾਣ ਦੇ ਪਿਛੋਂ ਸ਼ੇਰਅਲੀ ਨੇ ਮਾਜਾਰਾਣੀ ਨੂੰ ਕਿਹਾ:-ਤੂੰ ਤਾਂ ਕਿਹਾ ਸੀ ਕਿ ਇਕੋ ਹੀ ਕਲੰਕ ਦਾ ਟਿੱਕਾ ਮੇਰੇ ਮਥੇ ਤੇ ਹੈ ਸੋ ਮੈਂ ਓਸਤੇ ਵਧੀਕ ਧਿਆਨ ਨਹੀਂ ਦਿਤਾ ਸੀ ਕਿ ਤੂੰ ਮੇਰੇ ਮਿਤ੍ਰ ਦੀ ਧੀ ਹੈਂ ਪਰ ਹੁਣ ਤਾਂ ਇਕ ਅਜੇਹੀ ਗਲ ਦਾ ਪਤਾ ਲਗਾ ਹੈ ਜਿਸ ਨਾਲ ਮੇਰਾ ਮਨ ਤੜਫ ਉਠਿਆ ਹੈ ਤੇ ਕ੍ਰੋਧ ਦੀ ਜਵਾਲਾ ਭੜਕ ਉਠੀ ਹੈ। ਹਾਇ ਸ਼ੋਕ! ਬਲਭੱਦਰ ਸਿੰਘ ਮੇਰਾ ਲੰਗੋਟੀਆ ਯਾਰ ਤੇ ਲਛਮੀ ਦੇਵੀ ਧਰਮ ਦੀ ਧੀ! ਜਾਂ ਰਾਜਾ ਗੁਪਾਲ ਸਿੰਘ ਨਾਲ ਮੇਰਾ ਇਸਤੋਂ ਵਧੀਕ ਕੋਈ ਵਾਸਤਾ ਨਹੀਂ ਸੀ ਕਿ ਓਹ ਮੇਰੇ ਮਿਤ੍ਰ ਦਾ ਜਵਾਈ ਸੀ ਜਰੂਰ ਇਹ ਸਭ ਕੰਮ ਤੂੰ ਇਸੇ ਦੁਸ਼ਟ ਦਰੋਗੇ ਦੀ ਸਹਾਇਤਾ ਨਾਲ ਕੀਤਾ ਹੋਵੇਗਾ।

ਮੁੰਦਰ-(ਖਲੋਕੇ) ਬੜੇ ਸ਼ੋਕ ਦੀ ਗੱਲ ਹੈ ਕਿ ਤੁਸਾਂ ਇਕ ਸਾਧਾਰਨ ਆਦਮੀ ਦੀ ਗੱਲ ਤੇ ਵਿਸ਼ਵਾਸ ਕਰ ਲਿਆ ਹੈ ਤੇ ਮੇਰੇ ਵਲ ਕੁਛ ਧਿਆਨ ਨਹੀਂ ਕੀਤਾ ਜਿਸਦੇ ਨਾਲ ਤੁਸਾਂ ਏਤਨੀਆਂ ਸੌਹਾਂ ਖਾਧੀਆਂ ਸਨ ਕਿ..... ।

ਸ਼ੇਰ:-ਹਛਾ ਮੰਨ ਲਿਆ ਕਿ ਓਹ ਆਦਮੀ ਝੂਠਾ ਹੈ ਪਰ ਇਸ ਗਲਦਾ ਪਤਾ ਲੈਣਾ ਕੇਹੜਾ ਔਖਾ ਹੈ ਕਿ ਬਲਭੱਦ੍ਰ ਸਿੰਘ ਇਸ ਕਿਲੇ ਵਿਚ ਹੈ ਕਿ ਨਹੀਂ ।

ਮੁੰਦਰ-ਓਸ ਬਨਾਉਟੀ ਜਿੰਨ ਨੇ ਤੁਹਾਨੂੰ ਧੋਖਾ ਦਿਤਾ ਹੈ ਜਦ ਓਸਨੇ ਸੋਚਿਆ ਕਿ ਮੈਂ ਕੱਲਾ ਏਤਨੇ ਆਦਮੀਆਂ ਨੂੰ ਨਹੀਂ ਫੜ ਸਕਦਾ ਤਾਂ ਇਹ ਚਾਲ ਚਲੀ ਹੈ ਕਿ ਜਿਸਨਾਲ ਤੁਸੀਂ ਮੇਰੇ ਪਿਓ ਬਲਭੱਦ੍ਰ ਸਿੰਘ (ਜਿਸਨੂੰ ਮੋਇਆਂ ਕਈ ਵਰਹੇ ਹੋਗਏ ਹਨ) ਦਾ ਪਤਾ ਲੈਣ ਗਏ ਫੜੇ ਜਾਓ ਤੇ ਨਾਲ ਸਾਡਾ ਭੀ ਨਾਸ਼ ਕਰੋ,ਜੇ ਅਜੇਹਾ ਹੀ ਤੁਹਾਨੂੰ ਓਸਦੀ ਸਚਿਆਈ ਤੇ ਵਿਸ਼ਵਾਸ ਹੈ ਤਾਂ ਸਾਨੂੰ ਕਿਲੇ ਦੇ ਬਾਹਰ ਪੁਚਾਕੇ ਫੇਰ ਜੋ ਮਨ ਆਵੇ ਸੋ ਕਰੋ ।

ਸ਼ੇਰ:-ਜਦ ਮੈਨੂੰ ਤੇਰੀ ਗਲ ਤੇ ਵਿਸ਼ਵਾਸ ਹੀ ਨਹੀਂ ਤਾਂ ਮੈਂ ਤੈਨੂੰ ਕਿਲੇ ਦੇ ਬਾਹਰ ਹੀ ਕਿਓਂ ਜਾਣ ਦੇਵਾਂਗਾ ਜਿਸਨੇ ਹਜਾਰਾਂ ਆਦਮੀਆਂ ਨੂੰ ਧੋਖੇ ਵਿਚ ਪਾਕੇ ਬਰਬਾਦ ਕਰ ਦਿਤਾ ਹੈ ਤੇ ਮੈਨੂੰ ਭੀ ਪ੍ਰਤਾਪੀ ਰਾਜਾ ਬੀਰੇਂਦ੍ਰ ਸਿੰਘ ਦੇ ਨਾਲ ਵੈਰ ਕਰਨ ਲਈ ਤਿਆਰ ਕੀਤਾ ।

ਮੁੰਦਰ-ਤੁਸੀਂ ਮੇਰਾ ਸਾਥ ਐਵੇਂ ਨਹੀਂ ਕੀਤਾ ਤੁਸਾਂ ਮੇਰੇ ਪਿਓ ਦੀ ਮਿਤ੍ਰਤਾ ਵੱਲ ਧਿਆਨ ਨਹੀਂ ਕੀਤਾ ਸਗੋਂ ਤੁਸਾਂ ਉਸ ਧਨ ਦੇ ਲਾਲਚ ਨਾਲ ਮੇਰਾ ਸਾਥ ਕੀਤਾ ਹੈ ਜਿਸਨੇ

ਤੁਹਾਨੂੰ ਅਮੀਰ ਬਨਾਕੇ ਸਾਰੀ ਉਮਰ ਲਈ ਨਿਸਚਿੰਤ ਕਰ ਦਿਤਾ ਹੈ "ਮੇਰੇ ਪਿਓ ਬਲਭੱਦ੍ਰ ਸਿੰਘ ਨਾਲ ਤੁਹਾਡੀ ਮਿਤ੍ਰਤਾ ਸੀ" ਇਹ ਗਲ ਮੈਂ ਤਦ ਜਾਣਾ ਜਦ ਤੁਸੀਂ ਮੇਰਾ ਧਨ ਮੈਨੂੰ ਮੋੜ ਦੇਵੋ ਇਹ ਕੇਹੜੀ ਭਲਮਣਸਾਈ ਹੈ ਕਿ ਮੇਰਾ ਸਾਰਾ ਧਨ ਮਾਲ ਲੈਕੇ ਮੈਨੂੰ ਕੰਗਾਲ ਕਰ ਦਿਤਾ ਤੇ ਫੇਰ ਉਹੋ ਧੋਖਾ ਦੇਕੇ ਬਰਬਾਦ ਕਰਨਾ।

ਸ਼ੇਰ:-(ਹੱਸਕੇ) ਇਹ ਕਿਸੇ ਬੜੇ ਹੀ ਮੂਰਖ ਦਾ ਕੰਮ ਹੋਵੇਗਾ ਕਿ ਘਰ ਆਈ ਦੌਲਤ ਨੂੰ ਧਕੇ ਮਾਰਕੇ ਬਾਹਰ ਕਰਦੇਵੇ ਫੇਰ ਦੌਲਤ ਭੀ ਅਜੇਹੇ ਦੀ ਜਿਸਨੇ ਇਕ ਨਹੀਂ ਸੈਂਕੜੇ ਹੱਤਜਾ ਕੀਤੀਆਂ ਹੋਣ।

ਮੁੰਦਰ-(ਕ੍ਰੋਧ ਨਾਲ) ਕੀ ਤੁਸੀਂ ਆਪਣੇ ਹੀ ਮਨ ਆਈ ਕਰੋਗੇ ?

ਸ਼ੇਰ-:ਹਾਂ ਜ਼ਰੂਰ।

ਮੁੰਦਰ-ਹਛਾ ਫੇਰ ਮੈਂ ਜਾਂਦੀ ਹਾਂ ਜੋ ਤੁਹਾਡੇ ਮਨ ਵਿਚ ਆਵੇ ਸੋ ਕਰੋ।

ਸ਼ੇਰ-ਇਹ ਗਲ ਤਾਂ ਹੋ ਹੀ ਨਹੀਂ ਸਕਦੀ।

ਇਹ ਸੁਣਦਿਆਂ ਹੀ ਮਾਯਾ ਰਾਣੀ ਨੇ ਤਲਿਸਮੀ ਖੰਜਰ ਕੱਢ ਲਿਆ ਅਰ ਸ਼ੇਰ ਅਲੀ ਵਲ ਆਉਣ ਹੀ ਲਗੀ ਸੀ ਕਿ ਸਾਹਮਣੇ ਬੂਹੇ ਵਲੋਂ ਫੇਰ ਓਹੋ ਜਿੰਨ ਆਉਂਦਾ ਦਿਸਿਆ।

ਜਿੰਨ-(ਅਗੇ ਵਲ ਆਕੇ) ਮੈਂ ਇਕ ਕੰਮ ਕਰਨਾ ਭੁਲ ਗਿਆ ਸੀ ਜਿਸ ਵਾਸਤੇ ਮੈਨੂੰ ਫੇਰ ਆਉਣਾ ਪਿਆ।

ਸ਼ੇਰ:-ਓਹ ਕੀ ?

ਜਿੰਨ-(ਮਾਯਾਰਾਣੀ ਵਲ ਸੈਨਤ ਕਰਕੇ) ਇਸਦੇ ਪਾਸੋਂ

ਉਲਿਸਮੀਂ ਖੰਜਰ ਲੈ ਲੈਣਾ ਭੁੱਲ ਗਿਆ ਸੀ ਕਿਉਂ ਕਿ ਜਦ ਤਕ ਓਹ ਇਸਦੇ ਪਾਸ ਰਹੇਗਾ ਇਹ ਕਿਸੇ ਦੇ ਕਾਬੂ ਨਹੀਂ ਆਵੇਗੀ ਇਹ ਕਹਿਕੇ ਓਸਨੇ ਆਪਣਾ ਹਥ ਮਾਯਾਰਾਣੀ ਵਲ ਕੀਤਾ, ਮਾਯਾਰਾਣੀ ਨੇ ਤੁਰਤ ਓਹ ਖੰਜਰ ਓਸ ਸ਼ੀਰ ਨਾਲ ਛੁਹਾਇਆ ਪਰ ਓਸਦਾ ਕੁਛ ਅਸਰ ਨ ਹੋਇਆ। ਜਿੰਨ ਨੇ ਮਾਯਾਰਾਣੀ ਦੇ ਹਥੋਂ ਓਹ ਖੰਜਰ ਖੋਹਲਿਆ ਤੇ ਓਸਦੇ ਜੋੜ ਦੀ ਮੁੰਦਰੀ ਭੀ ਲਾਹ ਲਈ ਤੇ ਫੇਰ ਜਿਧਰੋਂ ਆਯਾ ਸੀ ਓਧਰ ਚਲਾ ਗਿਆ।

ਦਰੋਗਾ ਜਾਂ ਜਿਤਨੇ ਆਦਮੀ ਹੋਰ ਓਥੇ ਸਨ ਸਭ ਅਸਚਰਜ ਤੇ ਡਰ ਨਾਲ ਮੂੰਹ ਵੇਖਦੇ ਰਹਿ ਗਏ ਅਰ ਕੋਈ ਗਲ ਕਿਸੇ ਦੇ ਮੂੰਹੋਂ ਨ ਨਿਕਲੀ।

ਹੁਣ ਅਸੀਂ ਫੇਰ ਕੁਛ ਹਾਲ ਓਨਾਂ ਏਯਾਰਾਂ ਦਾ ਲਿਖਦੇ ਹਾਂ ਜੋ ਛੱਤ ਦੇ ਉਪਰ ਬੈਠੇ ਤਮਾਸ਼ਾ ਦੇਖ ਰਹੇ ਹਨ।

ਸ਼ੇਰਅਲੀ ਨੂੰ ਛੱਡਕੇ ਜਦ ਓਹ ਜਿੰਨ ਬਾਹਰ ਗਿਆ ਤਾਂ ਓਸੇ ਵੇਲੇ ਤੇਜ ਸਿੰਘ ਭੀ ਹੇਠਾਂ ਉਤਰ ਆਇਆ ਅਰ ਇਸ ਸੋਚ ਨਾਲ ਅਗੇ ਹੋਇਆ ਕਿ ਜਿੰਨ ਦਾ ਪਿਛਾ ਕਰੀਏ ਪਰ ਜਦ ਓਹ ਵਡੇ ਬੂਹੇ ਪਾਸ ਲੁਕਦਾ ਹੋਇਆ ਪਹੁੰਚਾ ਜਿਧਰੋਂ ਜਿੰਨ ਆਇਆ ਤੇ ਮੁੜ ਗਿਆ ਸੀ ਤਾਂ ਓਸਨੇ ਹੋਰ ਭੀ ਕਈ ਅਚੰਭੇ ਦੀਆਂ ਗਲਾਂ ਦੇਖੀਆਂ। ਇਕ ਤਾਂ ਇਹ ਕਿ ਜਿੰਨ ਮੁੜਕੇ ਚਲਾ ਨਹੀਂ ਗਿਆ ਸਗੋਂ ਲੁਕਕੇ ਖਲੋਤਾ ਗੱਲਾਂ ਸੁਣ ਰਿਹਾ ਹੈ। ਦੂਸਰਾ ਇਹ ਕਿ ਜਿੰਨ ਕੱਲਾ ਨਹੀਂ ਸਗੋਂ ਓਸਦੇ ਨਾਲ ਇਕ ਆਦਮੀ ਹੋਰਭੀ ਹੈ ਜਿਸਨੇ ਕਾਲੇ ਕਪੜੇ ਤੇ ਕਾਲੀ ਨਕਾਬ ਨਾਲ ਆਪਣੇ ਆਪਨੂੰ ਲੁਕਾਯਾ ਹੋਇਆ ਹੈ ਅਰ ਹੱਥ

ਵਿਚ ਨੰਗੀ ਤਲਵਾਰ ਲਈ ਹੋਈ ਹੈ ਜਦ ਓਹ ਜਿੰਨ ਦੂਸਰੀ ਵਾਰ ਅੰਦਰ ਆਕੇ ਮਾਜਾਰਾਣੀ ਪਾਸੋਂ ਤਲਿਸਮੀ ਖੰਜਰ ਖੋਹਕੇ ਬਾਹਰ ਗਿਆ ਤਾਂ ਓਸਨੇ ਆਪਣੇ ਸਾਥੀ ਨੂੰ ਕਿਹਾ, ਆ ਭੂਤਨਾਥ ਹੁਣ ਫੇਰ ਤੈਨੂੰ ਓਸੇ ਕੈਦਖਾਨੇ ਵਿਚ ਛੱਡ ਆਈਏ ਜਿਸ ਵਿਚ ਬੀਰੇਂਦ੍ਰ ਸਿੰਘ ਦੇ ਏਜਾਰਾਂ ਨੇ ਤੈਨੂੰ ਕੈਦ ਕੀਤਾ ਸੀ ਤੇ ਓਸੇਤਰਾਂ ਹੱਥ ਕੜੀ ਬੇੜੀ ਤੈਨੂੰ ਪਾ ਦੇਈਏ ਤਾਂ ਕਿ ਓਨ੍ਹਾਂ ਨੂੰ ਪਤਾ ਭੀ ਨ ਲਗੇ ਕਿ ਭੂਤਨਾਥ ਨੂੰ ਕੋਈ ਛੁਡਾ ਲੈ ਗਿਆ ਸੀ ?

ਭੂਤਃ—ਬਹੁਤ ਹਛਾ ਪਰ ਇਹ ਦਸੋ ਕਿ ਹੁਣ ਮੇਰੀ ਕੀ ਦਸ਼ਾ ਹੋਵੇਗੀ ?

ਜਿੰਨ—ਕੀ ਦਸ਼ਾ ਹੋਵੇਗੀ ! ਓਹ ਤਾਂ ਤੈਨੂੰ ਕਹਿ ਹੀ ਚੁਕਾ ਹਾਂ ਕਿ ਤੂੰ ਨਿਸਚਿੰਤ ਰਹੋ ਮੈਂ ਵੇਲੇ ਸਿਰ ਤੇਰੇ ਪਾਸ ਪਹੁੰਚ ਜਾਵਾਂਗਾ।

ਭੂਤਃ—ਜੋ ਆਪ ਦੀ ਮਰਜ਼ੀ, ਪਰ ਮੈਂ ਸਮਝਦਾ ਹਾਂ ਕਿ ਰਾਜਾ ਬੀਰੇਂਦ੍ਰ ਸਿੰਘ ਦੇ ਆਉਣ ਵਿਚ ਹੁਣ ਢਿਲ ਨਹੀਂ ਹੈ ਤੇ ਓਨ੍ਹਾਂ ਦੇ ਆਉਂਦਿਆਂ ਹੀ ਮੇਰਾ ਮੁਕੱਦਮਾ ਪੇਸ਼ ਹੋਜਾਵੇਗਾ।

ਜਿੰਨ—ਤਾਂ ਕੀ ਹਰਜ ਹੈ ਮੈਨੂੰ ਹਰਵੇਲੇ ਆਪਣੇ ਪਾਸ ਸਮਝ ਤੇ ਨਿਸਚਿੰਤ ਰਹੁ।

ਭੂਤਃ—ਜੋ ਆਪਦੀ ਆਗਿਆ।

ਤੇਜ ਸਿੰਘ ਲੁਕਦਾ ਹੋਯਾ ਓਨਾਂ ਦੇ ਪਿਛੇ ਜਾ ਰਿਹਾ ਸੀ ਜਦ ਇਹ ਗੱਲਾਂ ਸੁਣੀਆਂ ਤਾਂ ਓਸਨੂੰ ਬੜਾ ਹੀ ਅਸਚਰਜ ਹੋਯਾ। ਜਿੰਨ ਤੇ ਭੂਤਨਾਥ ਦੋਵੇਂ ਓਸ ਮਕਾਨ ਦੇ ਪਾਸ ਪਹੁੰਚੇ ਜਿਸਦੀ ਛੱਤ ਤੋੜੀ ਗਈ ਸੀ ਅਰ ਜੋ ਤਹਿਖਾਨੇ ਵਿਚ ਜਾਣਦਾ ਬੂਹਾ ਸੀ, ਭੂਤਨਾਥ ਨੇ ਕਮੰਦ ਲਾਈ ਤੇ ਓਸੇ ਦੇ ਸਹਾਰੇ ਜਿੰਨ ਤੇ ਭੂਤਨਾਥ

ਉਪਰ ਚੜ੍ਹਕੇ ਸੰਨ ਵਿਚੋਂ ਹੇਠਾਂ ਉਤਰ ਗਏ ਤੇਜ ਸਿੰਘ ਦੀ ਭੀ ਅੰਦਰ ਜਾਣ ਦੀ ਮਰਜੀ ਹੋਈ ਪਰ ਫੇਰ ਕੁਛ ਸੋਚਕੇ ਮੁੜ ਆਇਆ ਤੇ ਛੱਤ ਤੇ ਚੜ੍ਹਕੇ ਆਪਣੇ ਸਾਥੀਆਂ ਪਾਸ ਜਾ ਪਹੁੰਚਾ। ਹੁਣ ਅਸੀ ਫੇਰ ਕਮਰੇ ਦੇ ਅੰਦਰ ਦਾ ਹਾਲ ਲਿਖਦੇ ਹਾਂ:-

ਜਦ ਮਾਯਾ ਰਾਣੀ ਤੋਂ ਤਲਿਸਮੀ ਖੰਜਰ ਖੋਹਕੇ ਓਹ ਜਿੰਨ ਚਲਾ ਗਿਆ ਤਾਂ ਮਾਯਾ ਰਾਣੀ ਬਹੁਤ ਹੀ ਡਰੀ ਅਰ ਜੀਵਨ ਤੋਂ ਨਿਰਾਸ ਹੋਕੇ ਸੋਚਣ ਲਗੀ ਕਿ ਹੁਣ ਜਾਨ ਬਚਨੀ ਬਹੁਤ ਔਖੀ ਹੈ, ਬੜੀ ਮੂਰਖਤਾ ਕੀਤੀ ਜੋ ਏਥੇ ਆਈ, ਨਸ ਆਉਣ ਤੇ ਭੀ ਧਨਪਤ ਵਾਲੀ ਕੋੜਾਂ ਰੁਪਯਾਂ ਦੀ ਰਾਸ ਮੇਰੇ ਪਾਸ ਸੀ ਜੇ ਮੈਨੂੰ ਅਜ ਦੇ ਦਿਨ ਦਾ ਪਤਾ ਹੁੰਦਾ ਤਾਂ ਕਿਸੇ ਹੋਰ ਦੇਸ ਵਿਚ ਚਲੀ ਜਾਂਦੀ ਤੇ ਅਮੀਰੀ ਨਾਲ ਉਮਰ ਬਿਤਾਉਂਦੀ ਪਰ ਵੈਰ ਦੇ ਸਾਜ ਵਿਚ ਓਹ ਭੀ ਨ ਹੋ ਸਕਿਆ ਅਸੰਭਵ ਗਲਾਂ ਦੇ ਲਾਲਚ ਵਿਚ ਪੈਕੇ ਓਹ ਸਭ ਮਾਲ ਸ਼ੇਰ ਅਲੀ ਦੇ ਘਰ ਰਖ ਦਿਤਾ ਅਰ ਓਸ ਸਵਾਰਥੀ ਧੋਖੇ ਬਾਜ ਨੇ ਅਜੇਹੇ ਵੇਲੇ ਮੈਨੂੰ ਪਿਛਾ ਦਿਤਾ ਹੈ। ਹੁਣ ਕੀ ਕੀਤਾ ਜਾਵੇ ਮੈਂ ਤਾਂ ਕਿਤੋਂ ਦੀ ਨ ਰਹੀ। ਹੁਣ ਤਾਂ ਮੈਨੂੰ ਆਪਣੇ ਬਚਣ ਦੀ ਆਸ਼ਾ ਹੀ ਨਹੀਂ, ਹਛਾ ਜੇ ਅਗੇ ਵਾਂਗ ਰਾਜਾ ਗੋਪਾਲ ਸਿੰਘ ਮੈਨੂੰ ਛੱਤ ਭੀ ਦੇਵੇ ਤਾਂ ਕਿਥੇ ਜਾਕੇ ਰਹਾਂਗੀ ਕਿਸ ਤਰਾਂ ਆਪਣੀ ਜ਼ਿੰਦਗੀ ਬਿਤਾਵਾਂਗੀ ! ਹਾਇ !! ਇਸ ਵੇਲੇ ਕੋਈ ਮੇਰਾ ਸਹਾਇਕ ਨਹੀਂ ਦਿਸਦਾ !!!

ਮਾਯਾਰਾਣੀ ਏਨਾਂ ਗਲਾਂ ਨੂੰ ਸੋਚ ਰਹੀ ਸੀ ਤੇ ਸ਼ੇਰ ਅਲੀ ਕ੍ਰੋਧ ਵਿਚ ਭਰਿਆ ਹੋਇਆ ਲਾਲ ੨ ਅਖਾਂ ਨਾਲ

ਓਸ ਨੂੰ ਦੇਖ ਰਿਹਾ ਸੀ ਕਿ ਅਚਾਣਕ ਬਹੁਤ ਸਾਰੇ ਆਦਮੀਆਂ ਦੇ ਆਉਣ ਦਾ ਖੜਾਕ ਹੋਯਾ ਓਹ ਸਭ ਤੂਬੁਕ ਉਠੇ ਜਦ ਬੂਹੇ ਵਲ ਝਾਤ ਮਾਰੀ ਤਾਂ ਸਾਡੇ ਬਹਾਦੁਰ ਏਜਾਰ ਆਉਂਦੇ ਦਿਸੇ।

ਦਿਨ ਚੜਨ ਵਾਲਾ ਸੀ ਜਦ ਤੇਜ ਸਿੰਘ, ਦੇਵੀ ਸਿੰਘ, ਭੈਰੋਂ ਸਿੰਘ ਤੇ ਤਾਰਾ ਸਿੰਘ ਕੋਠਿਓਂ ਉਤਰਕੇ ਇਨਾਂ ਦੇ ਸਾਹਮਣੇ ਆ ਖਲੋਤੇ ਸਨ। ਤੇਜ ਸਿੰਘ ਨੇ ਮੁਸਕਰਾ ਕੇ ਮਾਯਾ ਰਾਣੀ ਵਲ ਦੇਖਿਆ ਅਤੇ ਕਿਹਾ:—

ਕੇਵਲ ਰਾਜਾ ਗੋਪਾਲ ਸਿੰਘ ਨੇ ਹੀ ਸਗੋਂ ਓਨ੍ਹਾਂ ਦੀ ਆਗਯਾ ਨਾਲ ਅਸਾਂ ਭੀ ਕਈ ਵਾਰੀ ਤੈਨੂੰ ਜਾਣ ਬੁਝਕੇ ਇਸ ਲਈ ਛਡ ਦਿਤਾ ਸੀ ਕਿ ਦੇਖੀਏ ਈਸ਼ੂਰ ਪ੍ਰਮਾਤਮਾ ਨਜਾਇਕਾਰੀ ਤੇਰੇ ਪਾਪਾਂ ਦਾ ਤੈਨੂੰ ਕੀ ਫਲ ਦੇਂਦਾ ਹੈ ਪਰ ਹੁਣ ਈਸ਼ੂਰ ਦੀ ਮਰਜੀ ਦਾ ਪਤਾ ਲਗ ਗਿਆ ਹੈ, ਈਸ਼ੂਰ ਨਹੀਂ ਚਾਹੁੰਦਾ ਕਿ ਤੂੰ ਇਕ ਦਿਨ ਭੀ ਆਰਾਮ ਦੇ ਨਾਲ ਰਹਿ ਸਕੇਂ, ਨਿਰੀ ਤੂੰ ਹੀ ਨਹੀਂ ਸਗੋਂ ਇਹ ਲੋਕ ਵੱਢੇ ਦਰੋਗੇ ਦੇ ਭਾਗ ਭੀ ਏਸਨੂੰ ਹੋਰ ਕਿਸੇ ਥਾਂ ਜਾਣ ਨਹੀਂ ਦੇਂਦੇ ਫਿਰਾ ਤੁਰਾ ਕੇ ਮੁੜ ਸਾਡੇ ਸਾਹਮਣੇ ਲੈ ਆਉਂਦੇ ਹਨ (ਸ਼ੇਰ ਅਲੀ ਵਲ ਦੇਖਕੇ) ਹਾਂ ਇਕ ਇਹ ਨਵੇਂ ਬਹਾਦਰ ਹੈਨ ਜੋ ਸਾਡੇ ਨਾਲ ਵੈਰ ਕਰਨ ਲਈ ਤਿਆਰ ਹੋਏ ਹਨ।

ਸ਼ੇਰ:—(ਹਥ ਜੋੜਕੇ) ਨਹੀਂ ਨਹੀਂ ਮੈਂ ਖੁਦਾ ਦੀ ਕਸਮ ਖਾਕੇ ਕਹਿੰਦਾ ਹਾਂ ਕਿ ਮੈਂ ਆਪਦੇ ਨਾਲ ਵੈਰ ਨਹੀਂ ਰਖਣਾ ਚਾਹੁੰਦਾ ਤੇ ਨ ਮੇਰੇ ਵਿਚ ਏਤਨੀ ਸਾਮ੍ਰਥ ਹੈ, ਮੈਨੂੰ ਏਸ ਬਦਕਾਰ ਨੇ ਧੋਖਾ ਦਿਤਾਹੈ, ਮੈਨੂੰ ਇਸਦਾ ਅਸਲ ਹਾਲ ਮਲੂਮ ਨਹੀਂ ਸੀ,

ਮੈਂ ਬਹੁਤਿਆਂ ਪਾਸੋਂ ਸੁਣਿਆ ਹੈ ਕਿ ਆਪ ਬੜੇ ਬਹਾਦਰ ਤੇ ਬੜੇ ਦਾਨੀ ਹੋ ਸੋ ਮੈਂ ਭੀ ਆਪ ਪਾਸੋਂ ਭਿਖਯਾ ਵਾਂਗ ਉਨਾਂ ਅਪਰਾਧਾਂ ਦੀ ਖਿਮਾ ਮੰਗਦਾ ਹਾਂ ਜੋ ਹੁਣ ਤਕ ਕਰ ਚੁਕਾ ਹਾਂ।

ਤੇਜ:—ਜੇ ਤੁਹਾਡਾ ਮਨ ਸਾਫ ਹੈ ਅਰ ਅਗੇ ਨੂੰ ਕੋਈ ਪਾਪ ਕਰਨ ਦੀ ਮਰਜੀ ਨਹੀਂ ਤਾਂ ਅਸਾਂ ਖਿਮਾ ਦਿਤੀ। ਹਛਾ ਆਓ ਏਨਾਂ ਦੋਹਾਂ ਬੇਈਮਾਨਾਂ ਨੂੰ ਨਾਲ ਲੈਕੇ ਸਾਡੇ ਨਾਲ ਚਲੋ। ਹਛਾ ਇਹ ਦਸੋ ਕਿ ਇਹ ਪੰਜੇ ਆਦਮੀ ਤੁਹਾਡੇ ਹਨ ਕਿ ਦਰੋਗੇ ਦੇ ?

ਸ਼ੇਰ:—ਜੀ ਹਾਂ ਇਹ ਪੰਜੇ ਆਦਮੀ ਮੇਰੇ ਹਨ।

ਤੇਜ:—ਹੋਰ ਭੀ ਤੁਹਾਡਾ ਕੋਈ ਆਦਮੀ ਇਸ ਬਾਗ ਦੇ ਅੰਦਰ ਹੈ ਜਾਂ ਆਉਣ ਵਾਲਾ ਹੈ ?

ਸ਼ੇਰ:—ਜੀ ਨਹੀਂ, ਪਰ ਥੋਹੜੀ ਜੇਹੀ ਫੌਜ ਏਸ ਪਹਾੜੀ ਦੇ ਹੇਠਾਂ ਹੈ ਜਿਸਦਾ.....।

ਤੇਜ:—(ਗਲ ਟੁਕਕੇ) ਓਸਦਾ ਮੈਨੂੰ ਸਭ ਪਤਾ ਹੈ। ਹਛਾ ਦਖਿਆ ਜਾਵੇਗਾ ਤੁਸੀ ਮੇਰੇ ਨਾਲ ਆਓ।

ਤੇਜ ਸਿੰਘ ਦੀ ਆਗਜਾ ਅਨੁਸਾਰ ਸਭ ਕਮਰੇ ਦੇ ਬਾਹਰ ਨਿਕਲੇ, ਮਾਯਾਰਾਣੀ ਤੇ ਦਰੋਗੇ ਦੀ ਤਾਂ ਮਾਨੋਂ ਮੌਤ ਹੀ ਆ ਚੁਕੀ ਸੀ, ਓਨਾਂ ਦਾ ਕੋਈ ਵਸ ਨਹੀਂ ਚਲਦਾ ਸੀ ਤੇ ਨਾ ਇਹ ਨੱਸ ਸਕਦੇ ਸਨ, ਤੇਜ ਸਿੰਘ ਨੇ ਭੈਰੋਂ ਸਿੰਘ ਨੂੰ ਕੁਛ ਸਮਝਾਕੇ ਓਸੇ ਬਾਗ ਵਿਚ ਛੱਡਿਆ ਤੇ ਆਪ ਬਾਕੀ ਦਿਆਂ ਨੂੰ ਨਾਲ ਲੈਕੇ ਤੁਰ ਪਿਆ, ਰਸਤੇ ਵਿਚ ਸ਼ੇਰ ਅਲੀ ਖਾਂ ਨਾਲ ਗਲਾਂ ਹੋਣ ਲਗ ਪਈਆਂ।

ਤੇਜ:—ਅਜ ਦੀ ਰਾਤ ਸਾਡੇ ਤੁਹਾਡੇ ਦੋਹਾਂ ਲਈ

ਅਨੋਖੀ ਸੀ।

ਸ਼ੇਰ:-ਠੀਕ ਹੈ, ਜਿਸ ਰਸਤੇ ਮੈਂ ਏਸ ਬਾਗ ਵਿਚ ਆਯਾ ਹਾਂ ਅਰ ਏਥੇ ਆਕੇ ਜੋ ਕੁਛ ਦੇਖਿਆ ਹੈ ਓਹ ਉਮਰ ਭਰ ਯਾਦ ਰਹੇਗਾ ਨਿਸਚਿੰਤ ਹੋਣ ਤੇ ਮੈਂ ਸਭ ਆਪ ਨੂੰ ਦਸਾਂਗਾ ਤੇ ਆਪ ਸੁਣਕੇ ਹੈਰਾਨ ਹੋਵੋਗੇ।

ਤੇਜ:-ਸਾਨੂੰ ਸਭ ਕੁਛ ਪਤਾ ਹੈ, ਰਸਤਾ ਭੀ ਸਾਡੇ ਵਾਸਤੇ ਕੋਈ ਨਵਾਂ ਨਹੀਂ ਜਿਸ ਤਹਿਖਾਨੇ ਦੇ ਰਸਤੇ ਤੁਸੀ ਆਏ ਹੋ ਅਸੀ ਕਈ ਵਾਰੀ ਆ ਜਾ ਚੁਕੇ ਹਾਂ, ਬਾਕੀ ਰਹੀ ਜਿੰਨ ਵਾਲੀ ਗੱਲ ! ਸੋ ਭੀ ਸਾਥੋਂ ਕੋਈ ਲੁਕੀ ਛਿਪੀ ਨਹੀਂ ਹੈ।

ਸ਼ੇਰ:-(ਹੈਰਾਨੀ ਨਾਲ) ਕੀ ਆਪ ਚਿਰ ਤੋਂ ਏਥੇ ਹੋ ?

ਤੇਜ:-ਚਿਰ ਤੋਂ ! ਸਗੋਂ ਸਾਡੇ ਸਾਹਮਣੇ ਹੀ ਤੁਸੀ ਏਸ ਬਾਗ ਵਿਚ ਆਏ ਹੋ, ਤੁਹਾਥੋਂ ਪਹਿਲਾ ਤੁਹਾਡੇ ਪੰਜੇ ਨੌਕਰ ਆਏ ਸਨ ਤੇ ਓਨਾਂ ਦੇ ਆਉਣ ਦੀ ਖਬਰ ਸੁਣਕੇ ਹੀ ਅਸੀਂ ਆਏ ਸੀ।

ਸ਼ੇਰ:-ਆਪ ਸਾਨੂੰ ਕਿਥੇ ਦੇਖ ਰਹੇ ਸੀ ?

ਤੇਜ:-ਇਹ ਮੈਂ ਨਹੀਂ ਦਸ ਸਕਦਾ ਪਰ ਕੋਈ ਗਲ ਅਜੇਹੀ ਨਹੀਂ ਹੋਈ ਜੋ ਅਸਾਂ ਨ ਦੇਖੀ ਹੋਵੇ (ਮਾਯਾ ਰਾਣੀ ਤੇ ਦਰੋਗੇ ਵਲ ਸੈਨਤ ਕਰਕੇ) ਸਾਡੇ ਸਾਹਮਣੇ ਆਉਣ ਤੋਂ ਪਹਿਲਾਂ ਇਹ ਸੋਚਦੇ ਹੋਣਗੇ ਕਿ ਜਿੰਨ ਨੇ ਆਕੇ ਸਾਡੇ ਕੰਮ ਵਿਚ ਵਿਘਨ ਪਾ ਦਿਤਾ ਹੈ ਨਹੀਂ ਤਾਂ ਸੁਰੰਗ ਪੁਟੀ ਜਾਂਦੀ ਤੇ ਸੁਰੰਗ ਦੇ ਰਸਤੇ ਤੁਹਾਡੀ ਫੌਜ ਆਕੇ ਕਿਸੇ ਤੇ ਕਬਜਾ ਕਰ ਲੈਂਦੀ।

ਸ਼ੇਰ:-ਠੀਕ ਹੈ ਅਰ ਮੈਂ ਭੀ ਇਸਦਾ ਸਾਥ ਦੇਂਦਾ।

ਜਿੰਨ ਨੇ ਹੀ ਮੈਨੂੰ ਦਸਿਆ ਹੈ ਕਿ ਇਹ ਮਾਜਾ ਰਾਣੀ ਵਾਸਤਵ ਵਿਚ ਮੇਰੇ ਮਿਤ੍ਰ ਬਲਭੱਦ੍ਰ ਸਿੰਘ ਦੀ ਧੀ ਨਹੀਂ ਹੈ ਸਗੋਂ ਓਸਦੇ ਵੈਰੀ ਹੇਲਾ ਸਿੰਘ ਦੀ ਧੀ ਹੈ।

ਤੇਜ:—ਇਸ ਭੁਲੇਖੇ ਵਿਚ ਭੀ ਨ ਰਹਿਣਾ ! ਕਿਉਂਕਿ ਤੁਹਾਡੀ ਫੌਜ ਦੇ ਆਉਣ ਦੀ ਖਬਰ ਭੀ ਸਾਨੂੰ ਲਗ ਚੁਕੀ ਸੀ ਅਰ ਅਸੀ ਓਸਦੇ ਰੋਕਣ ਦਾ ਭੀ ਪ੍ਰਬੰਧ ਕਰ ਚੁਕੇ ਸੀ ਏਹੋ ਹੀ ਨਹੀਂ ਸਗੋਂ ਤੁਹਾਡੇ ਸੈਨਾਪਤੀ ਮਹਬੂਬ ਖਾਂ ਨੂੰ ਸਾਡੇ ਇਕ ਏਜਾਰਨੇਪੈਹਰ ਰਾਤ ਗਈ ਤੋਂ ਪਹਿਲਾਂ ਹੀ ਫੜਕੇ ਕਿਲੇ ਵਿਚ ਪੁਚਾ ਦਿਤਾ ਸੀ।

ਸ਼ੇਰ:—(ਹੈਰਾਨਗੀ) ਹੈਂ ! ਕੀ ਮਹਬੂਬ ਖਾਂ ਕਿਲੇ ਵਿਚ ਕੈਦ ਹੈ ?

ਤੇਜ:—ਹਾਂ।

ਸ਼ੇਰ:—ਓਹੋ ! ਆਪ ਲੋਕਾਂ ਨਾਲ ਵੈਰ ਕਰਨਾ ਆਪਣੇ ਹਥੀਂ ਆਪਣੀ ਮੌਤ ਸੱਦਣੀ ਹੈ।

ਤੇਜ—:(ਮਾਜਾਰਾਣੀ ਵਲ ਦੇਖਕੇ) ਬੜੀ ਖੁਸ਼ੀ ਦੀ ਗੱਲ ਹੈ ਕਿ ਅਜ ਤੁਸੀ ਆਪਣੀਆਂ ਦੋਹਾਂ ਵਿਗੜੀਆਂ ਹੋਈਆਂ ਭੈਣਾਂ ਨੂੰ ਭੀ ਏਥੇ ਹੀ ਦੇਖੋਗੀ।

ਮਾਜਾਰਾਣੀ ਨੇ ਇਸ ਗਲ ਦਾ ਕੁਛ ਉੱਤਰ ਨਾ ਦਿੱਤਾ ਤੇ ਸਿਰ ਨੀਵਾਂ ਪਾ ਲਿਆ, ਪਰ ਉਸਦਾ ਰੰਜ ਹੋਰ ਭੀ ਵਧ ਗਿਆ। ਕਮਲਨੀ ਤੇ ਲਾਡਲੀ ਦੇ ਏਥੇ ਹੋਣ ਦੀ ਖਬਰ ਉਸਨੂੰ ਬਹੁਤ ਬੁਰੀ ਮਲੂਮ ਹੋਈ।

ਤੇਜ ਸਿੰਘ ਸਭਨਾਂ ਨੂੰ ਨਾਲ ਲੈਕੇ ਆਪਣੇ ਕਮਰੇ ਵਿਚ ਪਹੁੰਚਾ। ਸ਼ੇਰਅਲੀ ਖਾਂ ਵਾਸਤੇ ਇਕ ਵੱਖਰੇ ਕਮਰੇ ਦਾ ਪ੍ਰਬੰਧ

ਕੀਤਾ ਗਿਆ, ਦਰੋਗੇ ਨੂੰ ਹਨੇਰੀ ਕੋਠੜੀ ਵਿਚ ਬੰਦ ਕੀਤਾ ਦਿਆ ਤੇ ਕਮਲਨੀ ਦੀ ਇੱਛਾ ਅਨੁਸਾਰ ਮਾਯਾਰਾਣੀ ਕੈਦੀਆਂ ਦੀ ਸੂਰਤ ਵਿਚ ਮਹਿਲ ਦੇ ਅੰਦਰ ਪੁਚਾਈ ਗਈ।

ਨੌਵਾਂ ਕਾਂਡ

ਦਿਨ ਪਹਿਰ ਭਰ ਤੋਂ ਵਧੀਕ ਚੜ੍ਹ ਚੁਕਾ ਹੈ ਰੋਹਤਾਸ-ਗੜ੍ਹ ਮਹਲ ਦੇ ਅੰਦਰ ਇਕ ਕੋਠੜੀ ਵਿਚ ਜਿਸਦੇ ਬੂਹੇ ਲੋਹੇ ਦੀਆਂ ਸੀਖਾਂ ਦੇ ਹਨ ਮਾਯਾਰਾਣੀ ਊਂਧੀ ਪਈ ਅੱਥਰੂ ਵਗਾਕੇ ਆਪਣੇ ਮੂੰਹ ਦੀ ਕਾਲਖ ਲਾਹੁੰਨ ਦਾ ਯਤਨ ਕਰ ਰਹੀ ਹੈ ਪਰ ਇਸ ਕੰਮ ਵਿਚ ਉਸਨੂੰ ਸਫਲਤਾ ਨਹੀਂ ਹੁੰਦੀ। ਦਰਵਾਜੇ ਦੇ ਬਾਹਰ ਸੋਨੇ ਦੀਆਂ ਪੀੜ੍ਹੀਆਂ ਤੇ ਕਮਲਨੀ, ਕਿਸ਼ੋਰੀ, ਕਾਮਨੀ, ਲਾਡਲੀ ਤੇ ਲਛਮੀ ਦੇਵੀ ਬੈਠੀਆਂ ਮਾਯਾਰਾਣੀ ਤੇ ਅਮੋਘ ਬਾਣ ਚਲਾ ਰਹੀਆਂ ਹਨ।

ਕਿਸ਼ੋਰੀ–(ਕਮਲਨੀ ਨੂੰ) ਤੁਹਾਡੀ ਭੈਣ ਮਾਯਾਰਾਣੀ ਹੈ ਤਾਂ ਬੜੀ ਸੋਹਣੀ।

ਕਮਲਾ–ਨਿਰੀ ਸੋਹਣੀ ਹੀ ਨਹੀਂ ਭੋਲੀ ਤੇ ਸ਼ਰਮਾਊ ਭੀ ਬਹੁਤ ਹੈ, ਵੇਖੋ ਨਾ ਸਿਰ ਹੀ ਨਹੀਂ ਉੱਚਾ ਚੁਕਦੀ ਗਲ ਕਰਨੀ ਤਾਂ ਇਕ ਪਾਸੇ ਰਹੀ।

ਕਾਮਨੀ–ਏਹਨਾਂ ਗੁਣਾ ਨੇ ਹੀ ਤਾਂ ਗੋਪਾਲ ਸਿੰਘ ਨੂੰ ਲੁਭਾ ਲਿਆ ਸੀ।

ਕਮਲਨੀ–ਪਰ ਮੈਨੂੰ ਇਸ ਗਲ ਦਾ ਬੜਾ ਦੁਖ ਹੈ ਕਿ ਮੈਂ ਅਜੇਹੀ ਨੇਕ ਭੈਣ ਦੇ ਸਤਸੰਗ ਵਿਚ ਬਹੁਤ ਚਿਰ ਤਕ ਨਾ ਰਹਿ ਸਕੀ।

ਕਿਸ਼ੋਰੀ—ਬੇਸ਼ਕ ਇਸਦਾ ਰੰਜ ਲਾਡਲੀ ਨੂੰ ਭੀ ਹੋਣਾ ਚਾਹੀਦਾ ਹੈ।

ਕਮਲਾ—ਪਰ ਇਕ ਛੋਟੀ ਜੇਹੀ ਭੁਲ ਮਾਹਾਰਾਣੀ ਪਾਸੋਂ ਭੀ ਹੋ ਗਈ ਹੈ।

ਕਾਮਨੀ—ਓਹ ਕੀ ?

ਕਮਲਨੀ—ਏਹੋ ਕਿ ਗੋਪਾਲ ਸਿੰਘ ਨੂੰ ਏਹਨਾਂ ਨੇ ਕੋਠੜੀ ਵਿਚ ਬੰਦ ਕਰਕੇ ਕੈਦੀਆਂ ਵਾਂਗ ਰੱਖ ਛਡਿਆ।

ਕਿਸ਼ੋਰੀ—ਇਸਦਾ ਭੀ ਕੋਈ ਜ਼ਰੂਰ ਕਾਰਨ ਹੋਵੇਗਾ।

ਕਮਲਾ—ਹਾਂ ਕੋਈ ਨਾ ਕੋਈ ਕਾਰਨ ਤਾਂ ਜ਼ਰੂਰ ਹੀ ਹੋਵੇਗਾ, ਮੈਂ ਸੁਣਿਆਂ ਹੈ ਕਿ ਰਾਜਾ ਗੋਪਾਲ ਸਿੰਘ ਏਧਰ ਓਧਰ ਬਹੁਤ ਅੱਖਾਂ ਲੜਾਉਂਦੇ ਹੁੰਦੇ ਸਨ ਏਥੋਂ ਤਕ ਕਿ ਧਨਪਤ ਨਾਮੀ ਇਕ ਵੇਸਵਾ ਨੂੰ ਆਪਣੇ ਘਰ ਪਾਇਆ ਹੋਯਾ ਸੀ, (ਮਾਹਾਰਾਣੀ ਨੂੰ) ਕਿਉਂ ਬੀਬੀ ਇਹ ਗਲ ਸੱਚੀ ਹੈ ?

ਲਛਮੀਦੇਵੀ—ਇਹ ਤਾਂ ਬੋਲਦੀ ਹੀ ਨਹੀਂ ਮਲੂਮ ਹੁੰਦਾ ਹੈ ਕਿ ਸਾਡੇ ਨਾਲ ਕੁਝ ਗੁੱਸੇ ਹੈ।

ਕਮਲਾ—ਅਸਾਂ ਇਸਦਾ ਕੀ ਵਿਗਾੜਿਆ ਹੈ ਜੋ ਸਾਡੇ ਨਾਲ ਗੁੱਸੇ ਹੋਣਾ ਸੂ, ਹਾਂ ਜੇ ਤੁਹਾਡੇ ਨਾਲ ਗੁੱਸੇ ਹੋਵੇ ਤਾਂ ਕੋਈ ਅਚੰਭਾ ਨਹੀਂ ਕਿਉਂਕਿ ਤੁਸੀ ਢੇਰ ਚਿਰ ਤਕ ਤਾਂ ਤਾਰਾ ਦੇ ਭੇਸ ਵਿਚ ਰਹੇ ਤੇ ਹੁਣ ਲਛਮੀਦੇਵੀ ਬਣਕੇ ਇਸਦਾ ਰਾਜ ਖੋਹਣਾ ਚਾਹੁੰਦੀ ਹੋ, ਬੀਬੀ ! ਭਾਵੇਂ ਕੁਛ ਹੋਵੇ ਮੈਂ ਤਾਂ ਮਹਾਰਾਜ ਦੇ ਸਾਹਮਣੇ ਜ਼ਰੂਰ ਇਸਦੀ ਸਿਫਾਰਸ਼ ਕਰਾਂਗੀ ਭਾਵੇਂ ਤੁਸੀ ਭਲਾ ਮੰਨੋ ਭਾਵੇਂ ਬੁਰਾ।

ਕਾਮਨੀ—ਤੂੰ ਭਾਵੇਂ ਕਿੰਨੀ ਸਿਫਾਰਸ਼ ਕਰ ਲਵੀਂ ਪਰ

ਰਾਜਾ ਗੋਪਾਲ ਸਿੰਘ ਦੇ ਮਨ ਨੂੰ ਕੌਣ ਸਮਝਾਵੇਗਾ ?

ਕਮਲਾ—ਓਨਾਂ ਨੂੰ ਭੀ ਮੈਂ ਸਮਝਾ ਲੈਵਾਂਗੀ ਤੇ ਕਹਿ ਦੇਵਾਂਗੀ ਕਿ ਆਦਮੀ ਪਾਸੋਂ ਭੁਲ ਹੋ ਹੀ ਜਾਂਦੀ ਹੈ ਤੇ ਅਜੇਹੇ ਛੋਟੇ ੨ ਦੋਸ਼ਾਂ ਵਲ ਧਿਆਨ ਦੇਣ ਨਾਲ ਭਲੇ ਆਦਮੀਆਂ ਦਾ ਕੰਮ ਨਹੀਂ ਚਲਦਾ, ਦੇਖੋ ਤਾਂ ਵਿਚਾਰੀ ਨੇ ਕੇਹੀ ਨੇਕਨਾਮੀ ਨਾਲ ਏਤਨੇ ਦਿਨ ਓਨ੍ਹਾਂ ਦਾ ਰਾਜ ਚਲਾਇਆ ਹੈ।

ਕਿਸ਼ੋਰੀ—ਗੋਪਾਲ ਸਿੰਘ ਜੀ ਤਾਂ ਸਿਧੇ ਸਾਧੇ ਆਦਮੀ ਹਨ ਓਨ੍ਹਾਂ ਨੂੰ ਜੋ ਸਮਝਾਓਗੀ ਸਮਝ ਜਾਣਗੇ ਪਰ ਜੇ ਤਾਰਾ ਰਾਣੀ ਮੰਨੇ ਤਦ ਗਲ ਹੈ ਇਹ ਜੋ ਐਵੇਂ ਖ਼ਾਹਮਖ਼ਾਹ ਦੀ ਲਛਮੀ ਦੇਵੀ ਬਣਕੇ ਆ ਵੜੀ ਹੈ ਤੇ ਏਸ ਭੋਲੀ ਵਿਚਾਰੀ ਤੇ ਕੁਛ ਤਰਸ ਨਹੀਂ ਕਰਦੀ ।

ਲਛਮੀ:—ਹਛਾ ਲੋ ਮੈਂ ਕਰਾਰ ਕਰਦੀ ਹਾਂ ਕਿ ਮੈਂ ਕੁਛ ਨ ਆਖਾਂਗੀ ਸਗੋਂ ਧਨਪਤ ਨੂੰ ਛੁਡਾ ਦੇਣ ਦਾ ਭੀ ਯਤਨ ਕਰਾਂਗੀ, ਕਿਉਂਕਿ ਮੈਨੂੰ ਤਾਂ ਏਸ ਵਿਚਾਰੀ ਤੇ ਬਹੁਤ ਤਰਸ ਆਉਂਦਾ ਹੈ।

ਕਮਲਾ—ਹਾਂ ਹਾਂ ਦੇਖੋ ਤਾਂ ਸਹੀ ਰਾਜਾ ਗੋਪਾਲ ਸਿੰਘ ਦੇ ਵਿਛੋੜੇ ਵਿਚ ਕੇਹੀ ਵਿਲਕ ਰਹੀ ਹੈ, ਬੇਈਮਾਨ ਮਖੀਆਂ ਭੀ ਇਸ ਵੇਲੇ ਇਸਦੇ ਨਾਲ ਵੈਰ ਕਰਦੀਆਂ ਹਨ ਕਿਸੇ ਨੂੰ ਕਹੋ ਚੌਰ ਲਿਆਕੇ ਏਸਦੀਆਂ ਮਖੀਆਂ ਤਾਂ ਝੱਲੇ।

ਕਿਸ਼ੋਰੀ—ਏਸ ਕੰਮ ਲਈ ਤਾਂ ਭੂਤ ਨਾਥ ਨੂੰ ਸੱਦਣਾ ਚਾਹੀਦਾ ਹੈ।

ਕਮਲਾ—ਇਸ ਗਲ ਤੇ ਤਾਂ ਮੈਂ ਆਪ ਸ਼ਰਮਾਉਂਦੀ ਹਾਂ।

ਇਹ ਸੁਣਕੇ ਸਭ ਹੱਸ ਪਈਆਂ ਤੇ ਲਛਮੀ ਦੇਵੀ ਨੇ

ਉਠਕੇ ਕਮਲਾ ਨੂੰ ਗਲ ਨਾਲ ਲਾ ਲਿਆ ਅਰ ਕਿਹਾ ਮੇਰਾ ਮਨ ਉਗਾਹੀ ਭਰਦਾ ਹੈ ਕਿ ਭੂਤ ਨਾਥ ਦਾ ਮੁਕਦਮਾ ਹੀ ਉਲਟ ਜਾਵੇਗਾ।

ਕਮਲਨੀ—ਰੱਬ ਕਰੇ ਏਸੇ ਤਰਾਂ ਹੀ ਹੋਵੇ, ਜੇ ਮਾਯਾ ਰਾਣੀ ਦਾ ਮੁਕੱਦਮਾ ਭੀ ਮੁਧਾ ਪੈ ਜਾਵੇ ਤਾਂ ਠੀਕ ਹੈ ਅਰ ਭੈਣ ਤਾਰਾ, ਤਾਰਾ ਦੀ ਤਾਰਾ ਹੀ ਬਣੀ ਰਹੇ।

ਇਹ ਸਭੇ ਬੜਾ ਹੀ ਚਿਰ ਬੈਠੀਆਂ ਮਾਯਾਰਾਣੀ ਦੇ ਫਟਾਂ ਤੇ ਲੂਣ ਛਿੜਕਦੀਆਂ ਰਹੀਆਂ ਤੇ ਪਤਾ ਨਹੀਂ ਜੋ ਹੋਰ ਭੀ ਕਿੰਨਾ ਕੁ ਚਿਰ ਹੋਰ ਛੇੜਖਾਨੀ ਕਰਦੀਆਂ ਜੇ ਇਹ ਗਲ ਉਨਾਂ ਦੇ ਕੰਨਾਂ ਵਿਚ ਨ ਪੈਂਦੀ ਕਿ "ਰਾਜਾ ਬੀਰੇਂਦ੍ਰ ਸਿੰਘ ਦੀ ਸਵਾਰੀ ਕਿਲੇ ਵਿਚ ਆਉਣ ਹੀ ਵਾਲੀ ਹੈ।"

ਦਸਵਾਂ ਕਾਂਡ

ਅਜ ਰੋਹਤਾਸਗੜ ਕਿਲੇ ਵਿਚ ਮਹਾਰਾਜ ਬੀਰੇਂਦ੍ਰ ਸਿੰਘ ਆਏ ਹੋਏ ਹਨ ਇਸ ਲਈ ਏਥੋਂ ਦੀ ਪਰਜਾ ਬਹੁਤ ਹੀ ਪ੍ਰਸੰਨ ਹੈ, ਛੋਟੇ ੨ ਬੱਚੇ ਭੀ ਓਨਾਂ ਦੇ ਆਉਣ ਦੀ ਖੁਸ਼ੀ ਵਿਚ ਮਗਨ ਹੋ ਰਹੇ ਹਨ ਇਸਦਾ ਕਾਰਨ ਇਹ ਹੈ ਕਿ ਜਿੰਨਾਂ ਚਿਰ ਰਾਜਾ ਬੀਰੇਂਦ੍ਰ ਸਿੰਘ ਜੀ ਜਿਥੇ ਰਹਿੰਦੇ ਹਨ ਦਾਨ ਦਾ ਭੰਡਾਰਾ ਖੁਲਾ ਰਹਿੰਦਾ ਹੈ ਉਂਵ ਤਾਂ ਇਨਾਂ ਦੇ ਰਾਜ ਵਿਚ ਸਦਾ ਹੀ ਦਾਨ ਹੁੰਦਾ ਹੈ ਪਰ ਜਿਥੇ ਕਿਤੇ ਇਹ ਆਪ ਹੋਣ ਓਥੇ ਬਹੁਤ ਦਾਨ ਹੁੰਦਾ ਹੈ, ਦਾਨ ਦਾ ਮਕਾਨ ਤੇ ਪ੍ਰਬੰਧ ਵਖਰਾ ਹੀ ਹੈ, ਕੋਈ ਆਦਮੀ ਖਾਲੀ ਨਹੀਂ ਮੁੜਦਾ, ਜਿਸਨੂੰ ਜਿਸ ਚੀਜ਼ ਦੀ ਇੱਛਾ ਹੁੰਦੀ ਹੈ ਓਹ ਮਿਲ ਜਾਂਦੀ ਹੈ ਤਿੰਨ ਵਰਹੇ

ਤੋਂ ਵਧੀਕ ਤੇ ਬਾਰਾਂ ਵਰਹੇ ਤੋਂ ਛੋਟੇ ਮੁੰਡਿਆਂ ਨੂੰ ਮਿਠਿਆਈ ਵੰਡੀ ਜਾਂਦੀ ਹੈ ਤੇ ਤਿੰਨਾਂ ਵਰਿਹਾਂ ਤੋਂ ਛੋਟੇ ਬਾਲਾਂ ਨੂੰ ਖਡੌਣੇ ਦਿਤੇ ਜਾਂਦੇ ਹਨ। ਖਿਡੌਣੇ ਮਿਠਿਆਈ ਕਪੜੇ ਵੰਡਣੇ ਤਦ ਤਕ ਜਾਰੀ ਰਹਿੰਦੇ ਹਨ ਜਦ ਤਕ ਰਾਜਾ ਬੀਰੇਂਦ੍ਰ ਸਿੰਘ ਆਪ ਉਥੇ ਹੁੰਦੇ ਹਨ ਪਰ ਅੰਨ ਤਾਂ ਹਮੇਸ਼ਾਂ ਵੰਡੀਦਾ ਹੈ। ਏਹੋ ਕਾਰਨ ਹੈ ਕਿ ਅਜ ਰੋਹਤਾਸਗੜ ਦੇ ਛੋਟੇ ੨ ਬਚੇ ਭੀ ਪ੍ਰਸੰਨਤਾ ਨਾਲ ਟੋਲੀਆਂ ਬੰਨ ੨ ਕੇ ਫਿਰ ਰਹੇ ਹਨ।

ਇਹ ਭੀ ਖਬਰ ਉਡ ਰਹੀ ਹੈ ਕਿ ਮਾਜਾਰਾਣੀ ਨਾਮੇ ਇਕ ਇਸਤ੍ਰੀ ਤੇ ਦਰੋਗਾ ਬਾਬਾ ਨਾਮੀ ਇਕ ਆਦਮੀ ਅਜ ਕਿਲੇ ਦੇ ਅੰਦਰ ਫੜੇ ਗਏ ਹਨ ਜੋ ਰਾਜਾ ਬੀਰੇਂਦ੍ਰ ਸਿੰਘ ਦੇ ਵੈਰੀ ਹਨ ਤੇ ਭੂਤਨਾਥ ਨਾਮੀ ਕੋਈ ਏਜਾਰ ਫੜਿਆ ਹੋਇਆ ਹੈ ਜਿਸਦਾ ਮੁਕੱਦਮਾ ਨਿਬੇੜਨ ਲਈ ਆਪ ਰਾਜਾ ਸਾਹਿਬ ਆਏ ਹਨ।

ਰਾਜਾ ਸਾਹਿਬ ਦੇ ਆਉਂਦਿਆਂ ਹੀ ਏਜਾਰਾਂ ਨੇ ਸਭ ਹਾਲ ਓਨਾਂ ਨੂੰ ਸੁਨਾ ਦਿਤਾ, ਭੂਤ ਨਾਥ ਦਾ ਹਾਲ ਸੁਣਕ ਓਨ੍ਹਾਂ ਨੂੰ ਬੜਾ ਹੀ ਸ਼ੋਕ ਹੋਯਾ ਕਿਉਂਕਿ ਓਹ ਕਮਲਾ ਨੂੰ ਧੀਆਂ ਵਾਂਗ ਪਿਆਰ ਕਰਦੇ ਸਨ, ਸਭਨਾਂ ਦੀਆਂ ਗਲਾਂ ਸੁਣਕੇ ਰਾਜਾ ਬੀਰੇਂਦ੍ਰ ਸਿੰਘ ਜੀ ਮਹਲ ਵਿਚ ਗਏ ਅਰ ਕਿਸ਼ੋਰੀ, ਕਾਮਨੀ, ਲਛਮੀ ਦੇਵੀ, ਕਮਲਨੀ ਤੇ ਲਾਡਲੀ ਨੂੰ ਐਉਂ ਮਿਲੇ ਜਿਵੇਂ ਪਿਓ ਆਪਣੀਆਂ ਧੀਆਂ ਨੂੰ ਮਿਲਦਾ ਹੈ ਅਰ ਉਨਾਂ ਨੇ ਭੀ ਰਾਜਾ ਨਾਲ ਉਸੇ ਤਰਾਂ ਵਰਤਾਉ ਕੀਤਾ ਜਿਵੇਂ ਨੇਕ ਕੁੜੀਆਂ ਪਿਓ ਜਾਂ ਚਾਚੇ ਨਾਲ ਕਰਦੀਆਂ ਹਨ।

ਸਭਨਾਂ ਨੂੰ ਪਿਆਰ ਦਲਾਸਾ ਦੇਕੇ ਰਾਜਾ ਸਾਹਿਬ

ਬਾਹਰ ਆਏ, ਤੇ ਅਜ ਦਾ ਦਿਨ ਤੇਜ ਸਿੰਘ ਨਾਲ ਸਲਾਹਾਂ ਕਰਦਿਆਂ ਬਤੀਤ ਕੀਤਾ । ਦੂਸਰੇ ਦਿਨ ਦੁਪਹਿਰ ਵੇਲੇ ਸ਼ੇਰ-ਅਲੀ ਨੂੰ ਮਿਲੇ ਅਰ ਘੰਟਾ ਭਰ ਰਾਤ ਬੀਤਣ ਤੇ ਭੂਤਨਾਥ ਦਾ ਮੁਕਦਮਾ ਸੁਣਨ ਲਈ ਕਿਹਾ ਅਰ ਆਖਿਆ ਕਿ ਇਸਦੇ ਪਿਛੋਂ ਦਰੋਗੇ ਤੇ ਮਾਯਾਰਾਣੀ ਦਾ ਮੁਕੱਦਮਾ ਸੁਣਿਆ ਜਾਵੇਗਾ ।

ਰਾਜਾ ਬੀਰੇਂਦ੍ਰ ਸਿੰਘ ਨੇ ਤੇਜ ਸਿੰਘ ਨੂੰ ਕਿਹਾ ਕਿ ਭੂਤਨਾਥ ਦਾ ਮੁਕੱਦਮਾ ਮਹਲ ਦੇ ਅੰਦਰ ਸੁਣਿਆਂ ਜਾਵੇਗਾ । ਤੇ ਓਸ ਵੇਲੇ ਸਾਡੇ ਏਜਾਰਾਂ ਦੇ ਬਿਨਾਂ ਹੋਰ ਕੋਈ ਨਹੀਂ ਆ ਸਕੇਗਾ, ਇਸਤ੍ਰੀਆਂ ਵਿਚੋਂ ਭੀ ਕਿਸ਼ੋਰੀ, ਕਾਮਨੀ, ਕਮਲਨੀ ਆਦਿਕ ਕੁੜੀਆਂ ਦੇ ਬਿਨਾਂ ਹੋਰ ਕੋਈ ਦਾਸੀ ਏਤਨੀ ਨੇੜੇ ਨ ਹੋਵੇ ਜੋ ਸਾਡੀ ਗਲ ਸੁਣ ਸਕੇ । ਕੁੜੀਆਂ ਦੇ ਵਾਸਤੇ ਪਰਦੇ ਦਾ ਪੱਕਾ ਪ੍ਰਬੰਧ ਕੀਤਾ ਜਾਵੇ ਅਰ ਬਲਭੱਦ੍ਰ ਸਿੰਘ ਦੇ ਵਾਸਤੇ ਗੱਦੀ ਸਾਡੇ ਪਾਸ ਵਿਛਾਈ ਜਾਵੇ ॥

ਰਾਤ ਪਹਿਰ ਭਰ ਤੋਂ ਵਧੀਕ ਜਾ ਚੁਕੀ ਹੈ ਮਹਲ ਦੇ ਛੋਟੇ ਜੇਹੇ ਪਰ ਦੂਹਰੇ ਦਾਲਾਨ ਵਿਚ ਚਾਨਣੇ ਦਾ ਓਗਾ ਪ੍ਰਬੰਧ ਕੀਤਾ ਗਿਆ ਹੈ, ਦਾਲਾਨ ਦੇ ਪਿਛਲੇ ਪਾਸੇ ਬਾਰੀਕ ਚਿਕਾਂ ਦਾ ਪਰਦਾ ਕੀਤਾ ਗਿਆ ਹੈ ਪਰ ਅੰਦਰ ਹਨੇਰਾ ਹੈ, ਕਿਸ਼ੋਰੀ, ਕਾਮਨੀ, ਲਛਮੀ ਦੇਵੀ, ਕਮਲਨੀ, ਲਾਡਲੀ ਤੇ ਕਮਲਾ ਓਸਦੇ ਅੰਦਰ ਬੈਠੀਆਂ ਹੋਈਆਂ ਹਨ, ਬਾਹਰ ਚਾਨਣ ਵਾਲੀ ਥਾਂ ਤੇ ਰਾਜਾ ਬੀਰੇਂਦ੍ਰ ਸਿੰਘ ਦੀ ਗੱਦੀ ਲਗੀ ਹੋਈ ਹੈ ਓਨਾਂ ਦੇ ਪਾਸ ਹੀ ਬਲਭੱਦ੍ਰ ਸਿੰਘ ਬੈਠਾ ਹੋਇਆ ਹੈ, ਦੂਸਰੇ ਪਾਸੇ ਕਾਗਤਾਂ ਦੀ ਗੰਢ ਲਈ ਤੇਜ ਸਿੰਘ ਬੈਠਾ ਹੋਇਆ ਹੈ ਤੇ ਭੈਰੋਂ ਸਿੰਘ ਦੇ ਬਿਨਾਂ ਹੋਰ ਸਭ ਏਜਾਰ ਦੋਹੀਂ ਪਾਸੀਂ

ਖਲੋਤੇ ਹੋਏ ਹਨ ਅਰ ਸਭਨਾਂ ਦੀ ਨਜਰ ਸਾਹਮਣੇ ਪਾਸੇ ਪੈ ਰਹੀ ਹੈ ਜਿਧਰੋਂ ਹਥਕੜੀ ਬੇੜੀ ਨਾਲ ਬੇਵਸ ਹੋਯਾ ੨ ਭੂਤਨਾਥ ਆ ਰਿਹਾ ਹੈ।

ਭੂਤਨਾਥ ਨੇ ਆਉਂਦਿਆਂ ਹੀ ਰਾਜਾ ਸਾਹਿਬ ਨੂੰ ਪ੍ਰਨਾਮ ਕਰਕੇ ਕਿਹਾ:—ਐਵੇਂ ਰਾਈ ਦਾ ਪਹਾੜ ਬਣਾ ਕੇ ਮੈਨੂੰ ਬੰਨ ਛਡਿਆ ਹੈ ਪਰ ਭੂਤਨਾਥ ਨੇ ਭੀ ਜਿਸਨੇ ਆਪ ਨੂੰ ਪ੍ਰਸੰਨ ਕਰਨ ਵਿਚ ਕੋਈ ਕਸਰ ਨਹੀ ਛੱਡੀ ਇਸ ਗਲ ਦਾ ਪ੍ਰਣ ਕਰ ਲਿਆ ਸੀ ਕਿ ਜਦ ਤਕ ਰਾਜਾ ਸਾਹਿਬ ਨਹੀਂ ਆਉਣਗੇ ਮੈਂ ਆਪਣੇ ਮੁਕੱਦਮੇ ਦੀ ਗੁੰਝਲ ਖੁਲਣ ਨਹੀਂ ਦੇਵਾਂਗਾ।

ਬੀਰੇਂਦ੍ਰ:—ਮੈਨੂੰ ਭੀ ਇਸ ਗਲ ਦਾ ਬੜਾ ਦੁਖ ਹੈ ਕਿ ਭੂਤਨਾਥ ਤੇ ਇਕ ਭਾਰਾ ਅਪ੍ਰਾਧ ਲਾਇਆ ਗਿਆ ਹੈ ਜਿਸ ਦੀਆਂ ਕਾਰਰਵਾਈਆਂ ਸੁਣ ੨ ਕੇ ਅਸੀਂ ਪ੍ਰਸੰਨ ਹੁੰਦੇ ੨ ਸਾਂ ਤੇ ਜਿਸਨੂੰ ਪਿਆਰ ਦੀ ਨਜ਼ਰ ਨਾਲ ਦੇਖਣ ਦੀ ਇੱਛਾ ਰਖਦੇ ਸਾਂ।

ਭੂਤ:—ਜੇ ਮਹਾਰਾਜ ਨੂੰ ਇਸ ਗੱਲ ਦਾ ਦੁਖ ਹੈ ਤਾਂ ਮਹਾਰਾਜ ਨਿਸਚਾ ਰਖਣ ਕਿ ਭੂਤਨਾਥ ਅੱਖਾਂ ਤੋਂ ਦੂਰ ਕਰਨ ਦੇ ਯੋਗ ਨਹੀਂ ਹੈ (ਏਧਰ ਓਧਰ ਦੇਖਕੇ) ਪਰ ਸ਼ੋਕ ਕਿ ਮੇਰਾ ਸਹਾਇਕ ਅਜੇ ਤਕ ਨਹੀਂ ਆਇਆ।

ਏਤਨੇ ਨੂੰ ਸਾਹਮਣੇ ਪਾਸਿਓਂ ਓਹੋ ਜਿੰਨ ਆਉਂਦਾ ਦਿਸਿਆ, ਜਿਸਨੂੰ ਤੇਜ ਸਿੰਘ ਅਗੇ ਦੇਖ ਚੁਕਾ ਸੀ ਤੇ ਜਿਸਦਾ ਹਾਲ ਉਸਨੇ ਰਾਜਾ ਸਾਹਿਬ ਨੂੰ ਸੁਨਾਇਆ ਸੀ ਇਸ ਜਿੰਨ ਦੀ ਚਾਲ ਇਸ ਵੇਲੇ ਭੀ ਬੜੀ ਬੇਪ੍ਰਵਾਹ, ਬੇਡਰ ਤੇ ਸੁਤੰਤ੍ਰ

ਲੋਕਾਂ ਵਰਗੀ ਸੀ, ਓਹ ਹੌਲੀ ਹੌਲੀ ਓਸੇ ਦਾਲਾਨ ਵਿਚ ਆ ਪਹੁੰਚਾ ਤੇ ਚੁਪ ਚਾਪ ਇਕ ਪਾਸੇ ਖਲੋ ਗਿਆ।

ਉਸਦਾ ਰੰਗ ਢੰਗ ਤੇ ਪੋਸ਼ਾਕ ਅਸੀ ਪਿਛੇ ਲਿਖ ਆਏ ਹਾਂ ਮੁੜ ਲਿਖਣ ਦੀ ਕੋਈ ਲੋੜ ਨਹੀਂ, ਭਾਵੇਂ ਜਿੰਨ ਅਸਚਰਜ ਢੰਗ ਨਾਲ ਓਥੇ ਆ ਪਹੁੰਚਾ ਸੀ ਤੇ ਉਸਨੂੰ ਨਿਸਚਾ ਸੀ ਕਿ ਮੇਰੇ ਆ ਜਾਣ ਨਾਲ ਸਭਨਾਂ ਨੂੰ ਹੈਰਾਨੀ ਹੋਵੇਗੀ ਪ੍ਰੰਤੂ ਅਜੇਹਾ ਨਹੀਂ ਸੀ ਕਿਉਂਕਿ ਤੇਜ ਸਿੰਘ ਨੂੰ ਓਸਦੇ ਆਉਣ ਦਾ ਪਤਾ ਪਹਿਲੇ ਓਸੇ ਦੇ ਮੂੰਹੋਂ ਭੂਤ ਨਾਥ ਨਾਲ ਗਲ ਬਾਤ ਕਰਨ ਵੇਲੇ (ਜਦ ਤੇਜ ਸਿੰਘ ਲੁਕ ਕੇ ਸੁਣ ਰਹਾ ਸੀ) ਲਗ ਚੁਕਾ ਸੀ ਤੇ ਓਸਨੇ ਸਭਨਾਂ ਨੂੰ ਦਸ ਦਿਤਾ ਹੋਇਆ ਸੀ ਸੋ ਜਦ ਓਹ ਆਇਆ ਤਾਂ ਸਭ ਓਸਦੀ ਸੂਰਤ ਵੇਖਣ ਲਗ ਪਏ। ਮਹਾਰਾਜ ਦੀ ਸੈਨਤ ਸਮਝਕੇ ਦੇਵੀ ਸਿੰਘ ਨੇ ਓਸ ਜਿੰਨ ਤੋਂ ਉਸਦਾ ਨਾਉਂ ਤੇ ਆਉਣ ਦਾ ਕਾਰਣ ਪੁਛਿਆ।

ਜਿੰਨ—ਮੇਰਾ ਨਾਉਂ ਕ੍ਰਿਸ਼ਨਾ ਜਿੰਨ ਹੈ ਤੇ ਮੈਂ ਭੂਤ ਨਾਥ ਦਾ ਅਨੋਖਾ ਮੁਕੱਦਮਾ ਸੁਣਨ ਤੇ ਆਪਣੇ ਇਕ ਪੁਰਾਣੇ ਮਿਤ੍ਰ ਨੂੰ ਮਿਲਣ ਆਯਾ ਹਾਂ।

ਦੇਵੀ ਸਿੰਘ—(ਹੈਰਾਨੀ ਨਾਲ) ਕੀ ਭੂਤਨਾਥ ਦੇ ਬਿਨਾਂ ਕੋਈ ਹੋਰ ਆਦਮੀ ਭੀ ਆਪਦਾ ਮਿਤ੍ਰ ਹੈ ?

ਜਿੰਨ—ਹਾਂ।

ਦੇਵੀ:—ਤੇ ਓਹ ਹੈ ਕਿਥੇ ?

ਜਿੰਨ—ਏਥੇ ਹੀ ਆਪ ਲੋਕਾਂ ਦੇ ਵਿਚ।

ਦੇਵੀ:—ਜੇ ਇਹ ਠੀਕ ਹੈ ਤਾਂ ਓਸਨੂੰ ਆਪਣੇ ਪਾਸ ਬੁਲਾਓ ਤੇ ਗਲ ਬਾਤ ਕਰੋ।

ਜਿੰਨ—ਇਸ ਨਾਲ ਆਪ ਨੂੰ ਕੋਈ ਪ੍ਰਯੋਜਨ ਨਹੀਂ ਜਦੋਂ ਸਮਾ ਆਵੇਗਾ ਆਪੇ ਗਲਾਂ ਹੋ ਜਾਣਗੀਆਂ।

ਦੇਵੀ:—ਬੜੀ ਹੈਰਾਨੀ ਹੈ ਕਿ ਆਪ ਕਿਸੇ ਦਾ ਕੁਛ ਧਿਆਨ ਕਰਕੇ ਬੜੀ ਬੇਅਦਬੀ ਨਾਲ ਗਲਾਂ ਕਰ ਰਹੇ ਹੋ, ਕੀ ਆਪ ਨੂੰ ਸਾਡੇ ਨਾਲ ਕੋਈ ਰੰਜ ਹੈ ਜਾਂ ਵੈਰ ਪਾਉਣਾ ਚਾਹੁੰਦੇ ਹੋ ?

ਜਿੰਨ--ਵੈਰ ਬਿਨਾਂ ਡਾਹ, ਡਰ ਤੇ ਰੰਜ ਦੇ ਹੋ ਹੀ ਨਹੀਂ ਸਕਦਾ, ਤੇ ਮੇਰੇ ਵਿਚ ਇਹ ਤਿੰਨੇ ਗਲਾਂ ਹੀ ਨਹੀਂ ਹਨ, ਨ ਤਾਂ ਮੈਨੂੰ ਕਿਸੇ ਦਾ ਡਰ ਹੈ ਤੇ ਨ ਕਿਸੇ ਨੂੰ ਡਰਾਉਣ ਦੀ ਇਛਾ ਹੈ, ਨ ਕਿਸੇ ਨੂੰ ਕੁਛ ਦੇਂਦੇ ਹਾਂ ਤੇ ਨ ਕਿਸੇ ਪਾਸੋਂ ਕੁਛ ਮੰਗਦੇ ਹਾਂ ਨ ਸਾਨੂੰ ਕਿਸੇ ਗਲ ਦਾ ਲਾਲਚ ਹੈ ਨ ਤ੍ਰਿਸ਼ਨਾ, ਨਾ ਅਸੀ ਕਿਸੇ ਦਾ ਕੁਛ ਵਿਗਾੜਦੇ ਹਾਂ ਤੇ ਨ ਕੋਈ ਸਾਡਾ ਕੁਛ ਵਿਗਾੜ ਸਕਦਾ ਹੈ ਫੇਰ ਅਜੇਹੀ ਦਸ਼ਾ ਵਿਚ ਵੈਰ ਕਿਸਤਰਾਂ ਹੋ ਸਕਦਾ ਹੈ ? ਸੋ ਆਪ ਲੋਕਾਂ ਨੂੰ ਚਾਹੀਦਾ ਹੈ ਕਿ ਮੇਰਾ ਏਥੇ ਹੋਣਾ ਜਾਂ ਨਾ ਹੋਣਾ ਇਕੋ ਜੇਹਾ ਸਮਝਕੇ ਆਪਣਾ ਕੰਮ ਕਰੀ ਜਾਓ॥

ਜਿੰਨ ਦੀਆਂ ਗਲਾਂ ਨਾਲ ਸਭਨਾਂ ਨੂੰ ਬੜਾ ਹੀ ਅਚੰਭਾ ਤੇ ਰੰਜ ਹੋਯਾ ਸਗੋਂ ਸਾਡੇ ਕਈ ਏਯਾਰਾਂ ਨੂੰ ਕ੍ਰੋਧ ਚੜ ਆਇਆ ਪਰ ਰਾਜਾ ਬੀਰੇਂਦ੍ਰ ਸਿੰਘ ਦੀ ਸੈਨਤ ਨਾਲ ਸਭ ਚੁਪ ਹੋ ਗਏ। ਬੀਰੇਂਦ੍ਰ ਸਿੰਘ ਨੇ ਤੇਜ ਸਿੰਘ ਨੂੰ ਭੂਤਨਾਥ ਦਾ ਮੁਕੱਦਮਾ ਪੇਸ਼ ਕਰਨ ਲਈ ਕਿਹਾ।

ਤੇਜ ਸਿੰਘ ਨੇ ਭੂਮਿਕਾ ਵਾਂਗ ਪਹਿਲਾਂ ਥੋਹੜਾ ਜੇਹਾ ਪਿਛਲਾ ਹਾਲ ਦੱਸਕੇ ਇਕ ਖੋਲੀ ਜਿਸ ਵਿਚ ਪਿੱਤਲ ਦਾ ਕਲਮਦਾਨ ਤੇ ਕਾਗਤਾਂ ਦਾ ਓਹ ਮੁਠਾ ਸੀ ਜਿਸ ਦੀਆਂ ਕਈ ਚਿਠੀਆਂ ਕਮਲਨੀ ਆਦਿਕ ਦੇ ਸਾਹਮਣੇ ਪੜੀਆਂ ਗਈਆਂ

ਸਨ, ਤੇਜ ਸਿੰਘ ਨੇ ਓਹ ਚਿਠੀਆਂ ਪੜੀਆਂ ਜਿਨਾਂ ਦਾ ਹਾਲ ਸਾਡੇ ਪਾਠਕਾਂ ਨੂੰ ਮਲੂਮ ਹੀ ਹੈ, ਜਦ ਤੇਜ ਸਿੰਘ ਏਸਤੋਂ ਅਗਲੀ ਚਿਠੀ ਪੜ੍ਹਨ ਲਗਾ ਤਾਂ ਜਿੰਨ ਨੇ ਰੋਕ ਦਿਤਾ ਅਰ ਕਿਹਾ:—ਜੇ ਮਹਾਰਾਜ ਸਾਹਿਬ ਜੀ ਉਚਿਤ ਸਮਝਣ ਤਾਂ ਦਰੋਗੇ ਤੇ ਮੁੰਦਰ ਨੂੰ ਭੀ ਜਿਸਨੇ ਆਪਣੇ ਆਪ ਨੂੰ ਮਾਜਾਰਾਣੀ ਪ੍ਰਸਿੱਧ ਕੀਤਾ ਹੋਇਆ ਹੈ ਏਥੇ ਸਦ ਲਿਆ ਜਾਵੇ ਤੇ ਫੇਰ ਓਨਾਂ ਦੇ ਸਾਹਮਣੇ ਇਹ ਚਿਠੀਆਂ ਪੜ੍ਹੀਆਂ ਜਾਣ। ਭਾਵੇਂ ਏਥੇ ਸ਼ੇਰ ਅਲੀ ਦੀ ਭੀ ਲੋੜ ਹੈ ਪਰ ਕਈ ਨਵੇਂ ਗੁਪਤ ਭੇਤ ਓਸ ਨੂੰ ਮਲੂਮ ਹੋ ਜਾਣ ਦੇ ਡਰ ਨਾਲ ਮੈਂ ਓਸਦਾ ਸੱਦਣਾ ਉਚਿਤ ਨਹੀਂ ਸਮਝਦਾ।

ਜਿੰਨ ਦੀ ਇਸ ਗਲ ਨੂੰ ਸਭਨਾਂ ਨੇ ਪਸੰਦ ਕੀਤਾ ਅਰ ਮਹਾਰਾਜ ਨੇ ਓਨਾਂ ਦੋਹਾਂ ਨੂੰ ਹਾਜ਼ਰ ਕਰਨ ਦਾ ਹੁਕਮ ਦਿਤਾ, ਤਾਰਾ ਸਿੰਘ ਜਾਕੇ ਦੋਹਾਂ ਨੂੰ ਲੇ ਆਇਆ। ਜਿਸ ਵੇਲੇ ਜ਼ਨਾਨੀ ਓਥੇ ਆਈ ਓਸਨੇ ਘਬਰਾਹਟ ਨਾਲ ਚੌਹੀਂ ਪਾਸੀਂ ਵੇਖਿਆ, ਸਭ ਤੋਂ ਵਧੀਕ ਜਿਸ ਪਾਸੇ ਓਹ ਵੇਖਦੀ ਰਹੀ ਓਹ ਬਲਭੱਦ੍ਰ ਸਿੰਘ ਸੀ। ਬਲਭੱਦ੍ਰ ਸਿੰਘ ਨੇ ਭੀ ਮਾਜਾਰਾਣੀ ਨੂੰ ਬੜੇ ਧਿਆਨ ਨਾਲ ਵੇਖਿਆ ਇਸ ਵੇਲੇ ਜਿੰਨ ਨੇ ਫੌਰ ਟੋਕਿਆ ਅਰ ਕਿਹਾ:—ਆਸ਼ਾ ਹੈ ਕਿ ਸਾਡੇ ਹੀ ਨੀਤੀ ਨਿਪੁੰਨ ਮਹਾਰਾਜ ਮੁੰਦਰ ਤੇ ਬਲਭੱਦ੍ਰ ਸਿੰਘ ਦੀਆਂ ਅਖਾਂ ਨੂੰ ਧਿਆਨ ਨਾਲ ਵੇਖ ਰਹੇ ਹੋਣਗੇ।

ਜਿੰਨ ਦੀ ਇਸ ਗਲ ਨੇ ਹੁਸ਼ਯਾਰ ਤੇ ਬੁਧਿਵਾਨਾਂ ਦੇ ਮਨਾਂ ਵਿਚ ਇਕ ਨਵਾਂ ਹੀ ਰੰਗ ਖਿੜਾ ਦਿਤਾ, ਓਸ ਵੇਲੇ ਭੈਰੋਂ ਸਿੰਘ ਭੀ ਆ ਪਹੁੰਚਾ ਜਿਸਨੂੰ ਤੇਜ ਸਿੰਘ ਨੇ ਕੁਛ ਸਮਝਾ

ਬੁਝਾ ਕੇ ਦੋ ਦਿਨਾਂ ਤੋਂ ਓਸੇ ਬਾਗ ਵਿਚ ਛਡਿਆ ਹੋਇਆ ਸੀ ਜਿਸ ਵਿਚੋਂ ਦਰੋਗਾ ਤੇ ਮਾਯਾਰਾਣੀ ਫੜੇ ਗਏ ਸਨ। ਭੈਰੋਂ ਸਿੰਘ ਦੇ ਹਥ ਵਿਚ ਇਕ ਛੋਟਾ ਜਿਹਾ ਪੁਰਜਾ ਸੀ ਜੋ ਓਸਨੇ ਤੇਜ ਸਿੰਘ ਦੇ ਹਥ ਦੇ ਦਿਤਾ ਭੈਰੋਂ ਸਿੰਘ ਨੂੰ ਦੇਖਕੇ ਜਿੰਨ ਦਾ ਭੀ ਹਾਸਾ ਨਿਕਲ ਆਇਆ ਪਰ ਓਸਨੂੰ ਓਸਨੇ ਦਬਾ ਲਿਆ, ਤੇਜ ਸਿੰਘ ਨੇ ਓਹ ਰੁੱਕਾ ਪੜ੍ਹਕੇ ਰਾਜਾ ਬੀਰੇਂਦ੍ਰ ਸਿੰਘ ਨੂੰ ਦੇ ਦਿਤਾ ਮਹਾਰਾਜ ਪੜ੍ਹਕੇ ਹੱਸਕੇ ਜਿੰਨ ਤੇ ਭੈਰੋਂ ਸਿੰਘ ਵਲ ਦੇਖਿਆ।

ਇਸ ਵੇਲੇ ਸਭਨਾਂ ਦੀ ਇਹ ਇੱਛਾ ਹੋ ਰਹੀ ਸੀ ਕਿ ਕਿਵੇਂ ਇਸ ਗਲ ਦਾ ਪਤਾ ਲਗੇ ਕਿ ਇਸ ਰੁੱਕੇ ਵਿਚ ਕੀ ਲਿਖਿਆ ਹੋਯਾ ਹੈ ਅਰ ਰਾਜਾ ਬੀਰੇਂਦ੍ਰ ਸਿੰਘ ਏਸਨੂੰ ਪੜ੍ਹਕੇ ਜਿੰਨ ਵਲ ਦੇਖਕੇ ਕਿਉਂ ਹਸੇ ਹਨ ? ਅਰ ਜਿੰਨ ਭੈਰੋਂ ਸਿੰਘ ਨੂੰ ਦੇਖ ਕੇ ਤੇ ਭੈਰੋਂ ਸਿੰਘ ਜਿੰਨ ਨੂੰ ਵੇਖਕੇ ਕਿਉਂ ਹੱਸਿਆ ? ਪਰ ਇਹ ਸਦਾ ਭੇਤ ਕਿਸੇਨੂੰ ਨਾ ਮਲੂਮ ਹੋਯਾ ਤੇ ਨਾਹੀ ਕੋਈ ਪੁਛ ਸਕਿਆ।

ਜਿਸ ਵੇਲੇ ਜਿੰਨ ਨੇ ਮਾਯਾਰਾਣੀ ਤੇ ਬਲਭੱਦ੍ਰ ਸਿੰਘ ਦੀ ਦੇਖਾ ਦੇਖੀ ਨੂੰ ਤਾੜਿਆ ਸੀ ਅਰ ਟੋਕਿਆ ਸੀ ਓਸ ਵੇਲੇ ਮਾਯਾਰਾਣੀ ਨੇ ਬਲਭੱਦ੍ਰ ਸਿੰਘ ਵਲੋਂ ਮੂੰਹ ਭੁਵਾ ਲਿਆ ਪਰ ਬਲਭਦ੍ਰ ਸਿੰਘ ਮੂੰਹ ਭੁਵਾਉਣ ਤੇ ਭੀ ਚੁਪ ਨ ਰਿਹਾ ਅਰ ਓਸਨੇ ਕ੍ਰੋਧ ਨਾਲ ਜਿੰਨ ਨੂੰ ਕਿਹਾ:--ਇਕ ਤਾਂ ਤੂੰ ਬਿਨਾਂ ਬੁਲਾਏ ਚਲਿਆ ਆਯਾ ਹੈਂ ਦੂਸਰਾ ਜੋ ਕੁਛ ਤੈਥੋਂ ਪੁਛਿਆ ਗਿਆ ਹੈ ਓਸਦਾ ਉੱਤਰ ਤੂੰ ਬੜੇ ਢੀਠ ਪੁਣੇ ਨਾਲ ਦਿਤਾ ਹੈ, ਤੀਸਰੇ ਹੁਣ ਤੂੰ ਟੋਕਾ ਟਾਕੀ ਅਰੰਭ ਕਰ ਦਿਤੀ ਹੈ ਕਦ ਤਕ ਕੋਈ ਤੇਰੀਆਂ ਸਹਾਰੇਗਾ, ਤੂੰ ਸਾਡੀਆਂ ਗਲਾਂ ਵਿਚ ਬੋਲਣ ਵਾਲਾ ਕੌਣ ਹੈਂ ?

ਜਿੰਨ-(ਕ੍ਰੋਧ ਤੇ ਜੋਸ਼ ਨਾਲ) ਮੈਨੂੰ ਭੂਤ ਨਾਥ ਨੇ ਆਪਣਾ ਵਕੀਲ ਬਨਾਇਆ ਹੈ ਇਸ ਲਈ ਮੈਂ ਇਸ ਮੁਕੱਦਮੇ ਵਿਚ ਬੋਲਣ ਦਾ ਅਧਿਕਾਰ ਰਖਦਾ ਹਾਂ, ਹਾਂ ਜੇ ਰਾਜਾ ਸਾਹਿਬ ਮੈਨੂੰ ਚੁਪ ਰੈਹਣ ਦੀ ਆਗਜ਼ਾ ਦੇਣ ਤਾਂ ਮੈਂ ਆਪਣੀ ਜਬਾਨ ਬੰਦ ਕਰ ਸਕਦਾ ਹਾਂ, (ਕੁਛ ਠਹਿਰ ਕੇ) ਪਰ ਮੈਂ ਸ਼ੋਕ ਨਾਲ ਕਹਿੰਦਾ ਹਾਂ ਕਿ ਕ੍ਰੋਧ ਅਤੇ ਸ੍ਵਾਰਥ ਨੇ ਤੇਰੀ ਬੁਧ ਮਲੀਨ ਕਰ ਦਿਤੀ ਹੈ ਅਰ ਤੂੰ ਨਿਰਲੱਜਤਾ ਨਾਲ ਬੋਲਣ ਵਿਚ ਤੇਜ ਹੋ ਗਿਆ ਹੈਂ ਇਹ ਨਹੀਂ ਸੋਚਦਾ ਕਿ ਏਤਨੇ ਭਾਰੇ ਰੋਹਤਾਸਗੜ੍ਹ ਦੇ ਕਿਲੇ ਵਿਚ ਸਭੋਂ ਮਹਲ ਦੇ ਅੰਦਰ ਕਿ ਨਿਧੜਕ ਹੋਕੇ ਆ ਵੜਿਆ ਹੈ ਓਹ ਕੁਛ ਹਿੰਮਤ ਭੀ ਰਖਦਾ ਹੋਵੇਗਾ ਕਿ ਨਹੀਂ (ਰਾਜਾ ਬੀਰੇਂਦ੍ਰ ਸਿੰਘ ਤੇ ਏਯਾਰਾਂ ਵਲ ਦੇਖਕੇ) ਜੋ ਅਜੇਹੇ ਬਹਾਦਰਾਂ ਤੇ ਬੁਧਵਾਨਾਂ ਦੇ ਸਾਹਮਣੇ ਬਿਨਾਂ ਬੁਲਾਏ ਨੋਕ ਟੋਕ ਕਰ ਰਿਹਾ ਹੈ ਓਹ ਕੁਛ ਕੁਦਰਤ ਭੀ ਰਖਦਾ ਹੋਵੇਗਾ ਯਾ ਨਹੀਂ ! ਮੈਂ ਚੰਗੀ ਤਰਾਂ ਜਾਣਦਾ ਹਾਂ ਕਿ ਨੇਕ, ਧਰਮਾਤਮਾ, ਨਿਰਲੋਭ ਤੇ ਬੇਪ੍ਰਵਾਹ ਆਦਮੀ ਰਾਜਾ ਬੀਰੇਂਦ੍ਰ ਸਿੰਘ ਵਰਗੇ ਬਹਾਦੁਰ ਤੇ ਤੇਜ ਸਿੰਘ ਵਰਗੇ ਚਲਾਕ ਆਦਮੀ ਭੀ ਕੁਛ ਨਹੀਂ ਆਖ ਸਕਦੇ, ਤੇਰੇ ਵਰਗਿਆਂ ਦੀ ਤਾਂ ਗੱਲ ਹੀ ਕੀ ਹੈ ਜਿਸਨੇ ਬੇਈਮਾਨੀ, ਲਾਲਚ, ਧੋਖੇ ਬਾਜੀ ਤੇ ਬੇਸ਼ਰਮੀ ਨਾਲ ਪਾਪਾਂ ਦੀ ਭਾਰੀ ਗੰਢ ਸਿਰਤੇ ਚੁਕ ਰਖੀ ਹੈ ਜਿਸਦੇ ਭਾਰ ਨਾਲ ਗੋਡਿਆਂ ਤਕ ਖੁਭਿਆ ਹੋਇਆ ਹੈ ਮੈਂ ਚੰਗੀਤਰਾਂ ਜਾਣਦਾ ਹਾਂ ਕਿ ਮੇਰੀਆਂ ਇਹ ਗੱਲਾਂ ਲਛਮੀ ਦੇਵੀ, ਕਮਲਨੀ ਤੇ ਲਾਡਲੀ ਨੂੰ ਬਹੁਤ ਬੁਰੀਆਂ ਲਗਣਗੀਆਂ ਜੋ ਇਸ ਵੇਲੇ ਪਰਦੇ ਦੇ ਅੰਦਰ ਬੈਠੀਆਂ ਹੋਈਆਂ ਸਭ ਕੁਝ ਦੇਖ ਸੁਣ ਰਹੀਆਂ ਹਨ ਪਰ

ਓਨਾਂ ਨੂੰ ਧੀਰਜ ਨਾਲ ਦੇਖਣਾ ਚਾਹੀਦਾ ਹੈ ਕਿ ਅਸੀ ਕੀ ਕਰਦੇ ਤੇ ਕਹਿੰਦੇ ਹਾਂ, ਹਾਂ ਮੈਂ ਅਜੇ ਚੁਪ ਨਹੀਂ ਕਰ ਸਕਦਾ ਮੈਂ ਬਹੁਤ ਕੁਛ ਕੈਹਣਾ ਹੈ ਤੂੰ ਸ਼ਰਮਿੰਦਗੀ ਨਾਲ ਸਿਰ ਲੁਕਾ ਲੈਣ ਦੀ ਥਾਂ ਸਗੋਂ ਢੀਠ ਪੁਣਾ ਫੜ ਲਿਆ ਹੈ ਤੇ ਜਿਸਤਰਾਂ ਮੈਨੂੰ ਹੁਣ ਟੋਕਿਆ ਹੈ ਏਸੇਤਰਾਂ ਘੜੀ ਮੁੜੀ ਟੋਕਣ ਦੀ ਸਲਾਹ ਕਰ ਲਈ ਹੈ ਪਰ ਯਾਦ ਰਖ ਕਿ ਰਾਜਾ ਬੀਰੇਂਦ੍ਰ ਸਿੰਘ ਤੇ ਓਨਾਂ ਦੇ ਏਯਾਰਾਂ ਦੀਆਂ ਗਲਾਂ ਤਾਂ ਮੈਂ ਇਸ ਲਈ ਸਹਿ ਲਵਾਂਗਾ ਕਿ ਜਦ ਤਕ ਕੋਈ ਬੇਈਮਾਨ ਏਨਾਂ ਨੂੰ ਨਾ ਸਤਾਵੇ ਦੁਖਾਵੇ ਇਹ ਕਿਸੇ ਨੂੰ ਦੁਖ ਨਹੀਂ ਦੇਂਦੇ, ਇਹ ਕਿਸੇ ਨਾਲ ਭਲੇ ਦੀ ਥਾਂ ਬੁਰਾ ਨਹੀਂ ਕਰਦੇ ਅਰ ਭਲੇ ਬੁਰੇ ਨੂੰ ਪਛਾਨਣ ਦੀ ਬੁੱਧ ਰਖਦੇ ਹਨ ਪਰ ਤੇਰੇ ਵਰਗੇ ਬੇਈਮਾਨ ਤੇ ਪਾਪੀ ਦੀਆਂ ਗਲਾਂ ਮੈਂ ਕਦ ਸਹਿ ਸਕਦਾ ਹਾਂ, ਭੂਤ ਨਾਥ ਤੇ ਇਕ ਬੜਾ ਭਾਰਾ ਦੋਸ਼ ਅਰੋਪਨ ਕੀਤਾ ਗਿਆ ਹੈ ਅਰ ਭੂਤ ਨਾਥ ਦਾ ਮੈਂ ਵਕੀਲ ਹਾਂ ਸੋ ਮੇਰੀ ਇੱਜ਼ਤ ਵਿਚ ਘਾਟਾ ਨਹੀਂ ਹੋ ਸਕਦਾ। ਤੂੰ ਲਛਮੀ ਦੇਵੀ, ਕਮਲਨੀ ਤੇ ਲਾਡਲੀ ਦਾ ਪਿਉ ਬਣਕੇ ਆਪਣੇ ਆਪਨੂੰ ਬਰਬਾਰੀ ਦਾ ਦਰਜਾ ਦੇਣਾ ਚਾਹੁੰਦਾ ਹੈ ਪਰ ਇਹ ਹੋ ਨਹੀਂ ਸਕਦਾ, ਜੇ ਭੂਤਨਾਥ ਅਪਰਾਧੀ ਹੈ ਤਾਂ ਤੂੰ ਭੀ ਕਿਸੇ ਨੂੰ ਮੂੰਹ ਦਿਖਾਉਣ ਜੋਗਾ ਨਹੀਂ ਚੰਗੀ ਤਰਾਂ ਸਮਝ ਛਡ ਕਿ ਹੋਰ ਦੋ ਚਾਰ ਦਿਨਾਂ ਤਕ ਭੂਤ ਨਾਥ ਦੀ ਤੈਥੋਂ ਵਧੀਕ ਇੱਜ਼ਤ ਹੋਵੇਗੀ (ਭੂਤ ਨਾਥ ਵਲ ਦੇਖਕੇ) ਕਿਉਂ ਭੂਤ ਨਾਥ! ਤੂੰ ਕਿਸ ਗਲ ਤੋਂ ਡਰਦਾ ਹੈਂ?

ਭੂਤ:-(ਪਿੱਤਲ ਦੇ ਕਲਮ ਦਾਨ ਵਲ ਦੇਖਕੇ) ਬਸ ਏਸੇ ਦਾ ਡਰ ਹੈ ਅਰ ਕਾਗਤ ਦੇ ਇਸ ਮੁਠੇ ਨੂੰ ਮੈਂ ਕੁਛ ਨਹੀਂ

ਸਮਝਦਾ ਏਸਦੀ ਇਜ਼ਤ ਮੇਰੇ ਸਾਹਮਣੇ ਏਤਨੀ ਹੀ ਹੋ ਸਕਦੀ ਹੈ ਜਿਤਨੀ ਕਿ ਮਾਯਾਰਾਣੀ ਦੀ ਓਸ ਚਿਠੀ ਦੀ ਹੁੰਦੀ ਹੈ ਜੋ ਓਹ ਆਪਣੇ ਹਥੀਂ ਲਿਖਕੇ ਰਾਜਾ ਗੋਪਾਲ ਸਿੰਘ ਦੇ ਸਾਹਮਣੇ ਇਸ ਨੀਯਤ ਤੇ ਰਖਦੀ ਕਿ ਉਸਦਾ ਅਪਰਾਧ ਖਿਮਾ ਕੀਤ ਜਾਵੇ ਅਰ ਲਛਮੀ ਦੇਵੀ ਦਾ ਕੁਛ ਧਿਆਨ ਨਾ ਕਰਕੇ ਉਸੇਨੂੰ ਮੁੜ ਰਾਜ ਰਾਣੀ ਬਨਾਇਆ ਜਾਵੇ।

ਜਿੰਨ—ਠੀਕ ਹੈ, ਏਸੇ ਸੰਦੂਕੜੀ (ਕਲਮਦਾਨ) ਦੇ ਕਾਰਨ ਹੀ ਤਾਂ ਬਲਭੱਦ੍ਰ ਸਿੰਘ ਤੇਰੇ ਸਾਹਮਣੇ ਢੀਠ ਹੋਯਾ ਬੈਠਾ ਹੈ, ਹਛਾ ਏਸ ਕਲਮਦਾਨ ਦਾ ਜਾਦੂ ਦੂਰ ਕਰਨ ਲਈ ਮੈਂ ਭੀ ਇਕ ਤਲਿਸਮੀ ਕਲਮਦਾਨ ਏਸੇ ਦੇ ਪਾਸ ਹੀ ਰੱਖ ਦੇਂਦਾ ਹਾਂ ਜੋ ਫੇਰ ਬਲਭੱਦ੍ਰ ਸਿੰਘ ਤੇਰੇ ਸਾਹਮਣੇ ਬੋਲਨ ਦਾ ਹੌਸਲਾ ਨਾ ਕਰ ਸਕੇ ਤੇ ਤੇਰਾ ਮੁਕੱਦਮਾ ਚੁਪ ਚਾਪ ਬਿਨਾਂ ਰੋਕ ਟੋਕ ਦੇ ਛੇਤੀ ਮੁਕ ਜਾਵੇ।

ਇਹ ਕੈਹਕੇ ਜਿੰਨ ਨੇ ਆਪਣੇ ਕਪੜਿਆਂ ਦੇ ਅੰਦਰੋਂ ਛੋਟਾ ਜਿਹਾ ਸੋਨੇ ਦਾ ਕਲਮਦਾਨ ਕੱਢਕੇ ਓਸ ਕਲਮਦਾਨ ਦੇ ਪਾਸ ਰਖ ਦਿਤਾ ਜੋ ਰਾਜਾ ਬੀਰੇਂਦ੍ਰ ਸਿੰਘ ਦੇ ਸਾਹਮਣੇ ਪਿਆ ਹੋਇਆ ਸੀ ਅਰ ਜੋ ਭੂਤਨਾਥ ਦੇ ਕਾਗਤਾਂ ਵਾਲੀ ਗੰਢ ਵਿਚੋਂ ਨਿਕਲਿਆ ਸੀ ਜਿਸਦਾ ਹਾਲ ਪਾਠਕਾਂ ਨੂੰ ਅਗੇ ਮਲੂਮ ਹੋ ਚੁਕਾ ਹੈ ॥

ਇਹ ਕਲਮਦਾਨ ਜਿਸਦਾ ਢੱਕਣ ਵਜਾ ਹੋਇਆ ਸੀ ਬੜਾ ਹੀ ਸਹਣਾ ਬਣਿਆਂ ਹੋਇਆ ਸੀ ਤੇ ਉਸਦੇ ਉਪਰ ਮੀਨਾਕਾਰੀ ਦੇ ਕੰਮ ਦੀਆਂ ਤਿੰਨ ਮੂਰਤਾਂ ਬਣੀਆਂ ਹੋਈਆਂ ਸਨ ਅਤੇ ਉਸਦੀ ਚਮਕ ਦਮਕ ਅਜੇਹੀ ਸੀ ਕਿ ਦੇਖਣ ਵਾਲਾ

ਉਸਨੂੰ ਪੁਰਾਣਾ ਨਹੀਂ ਸਮਝ ਸਕਦਾ ਸੀ।

ਇਸ ਕਲਮਦਾਨ ਨੂੰ ਦੇਖਦਿਆਂ ਹੀ ਭੂਤ ਨਾਥ ਖੁਸ਼ੀ ਨਾਲ ਭੁੜਕ ਉਠਿਆ ਅਰ ਜਿੰਨ ਵਲ ਦੇਖਕੇ ਹਥ ਜੋੜਕੇ ਬੋਲਿਆ ਖਿਮਾ ਕਰਨਾਂ ਮੈਂ ਆਪਦੀ ਤਾਕਤ ਵਲੋਂ ਸੰਦੇਹ ਕੀਤਾ ਸੀ ਮੈਨੂੰ ਨਹੀਂ ਪਤਾ ਸੀ ਕਿ ਇਹ ਅਨੋਖੀ ਚੀਜ਼ ਆਪਦੇ ਪਾਸ ਹੈ, ਭਾਵੇਂ ਮੈਂ ਆਪਨੂੰ ਅਜੇ ਤਕ ਨਹੀਂ ਪਛਾਣਿਆਂ ਪਰ ਮੈਂ ਸਮਝ ਗਿਆ ਹਾਂ ਕਿ ਆਪ ਕੋਈ ਸਾਧਾਰਨ ਆਦਮੀ ਨਹੀਂ ਹੋ (ਅਕਾਸ਼ ਵਲ ਹਥ ਕਰਕੇ) ਹੇ ਪ੍ਰਮਾਤਮਾਂ ਤੂੰ ਧੰਨ ਹੈਂ।

ਭੂਤ ਨਾਥ ਦੇ ਵਿਪ੍ਰੀਤ ਬਲਭੱਦ੍ਰਸਿੰਘ ਤੇ ਏਸ ਕਲਮਦਾਨ ਦਾ ਉਲਟਾ ਹੀ ਅਸਰ ਹੋਇਆ ਓਹ ਕਲਮਦਾਨ ਨੂੰ ਦੇਖਦਿਆਂ ਹੀ ਚੀਕ ਮਾਰ ਉਠਿਆ ਤੇ ਓਥੋਂ ਉਠ ਦੌੜਿਆ ਪਰ ਜਿੰਨ ਨੇ ਓਸਨੂੰ ਫੁਰਤੀ ਨਾਲ ਫੜਕੇ ਰਾਜਾ ਬੀਰੇਂਦ੍ਰ ਸਿੰਘ ਦੇ ਸਾਹਮਣੇ ਲਿਆ ਬਠਾਇਆ ਅਰ ਕਿਹਾ ਭਲਮਨਸਾਈ ਨਾਲ ਚੁਪ ਚਾਪ ਬੈਠਾ ਰਹੁ ਤੂੰ ਨੱਸਕੇ ਕਿਸੇ ਤਰਾਂ ਜਾਨ ਨਹੀਂ ਬਚਾ ਸਕਦਾ।

ਨਿਰੇ ਭੂਤਨਾਥ ਤੇ ਬਲਭੱਦ੍ਰ ਸਿੰਘ ਤੇ ਹੀ ਨਹੀਂ ਸਗੋਂ ਤਲਿਸਮੀ ਦਰੋਗੇ ਤੇ ਭੀ ਉਸ ਕਲਮਦਾਨ ਦਾ ਅਜੇਹਾ ਅਸਰ ਹੋਯਾ ਕਿ ਓਹ ਐਉਂ ਕੰਬਣ ਲਗ ਪਿਆ ਮਾਨੋਂ ਉਸਨੂੰ ਕਾਂਬੇ ਦਾ ਤਾਪ ਚੜ ਗਿਆ ਹੈ, ਰਾਜਾ ਬੀਰੇਂਦ੍ਰ ਸਿੰਘ, ਤੇਜ ਸਿੰਘ ਤੇ ਬਾਕੀ ਏਯਾਰਾਂ ਨੂੰ ਇਹ ਹਾਲ ਦੇਖਕੇ ਬੜਾ ਅਚੰਭਾ ਹੋਇਆ ਅਰ ਓਹ ਚਕ੍ਰਿਤ ਹੋਕੇ ਕਲਮਦਾਨ ਵਲ ਦੇਖਣ ਲਗ ਪਏ ਏਤਨੇ ਨੂੰ ਪਰਦੇ ਦੇ ਅੰਦਰੋਂ ਕਮਲਨੀ ਨੇ ਕਿਹਾ:—"ਇਸ

ਕਲਮਦਾਨ ਨੂੰ ਮੈਂ ਭੀ ਦੇਖਣਾ ਚਾਹੁੰਦੀਆਂ ਹਾਂ" ਇਹ ਅਵਾਜ਼ ਸੁਣਕੇ ਰਾਜਾ ਬੀਰੇਂਦ੍ਰ ਸਿੰਘ ਨੇ ਜਿੰਨ ਵਲ ਦੇਖਿਅ ਅਗੋਂ ਜਿੰਨ ਨੂੰ ਜੋਸ਼ ਨਾਲ ਕਿਹਾ ਹਾਂ ਹਾਂ ਇਹ ਕਲਮਦਾਨ ਉਨਾਂ ਤਿੰਨਾਂ ਹੀ ਭੈਣਾਂ ਨੂੰ ਜ਼ਰੂਰ ਦੇਖਣਾ ਚਾਹੀਦਾ ਹੈ(ਤੇਜਸਿੰਘ ਨੂੰ) ਤੁਸੀ ਆਪ ਕਲਮਦਾਨ ਲੈਕੇ ਪਰਦੇ ਦੇ ਅੰਦਰ ਜਾਓ।

ਤੇਜ ਸਿੰਘ ਕਲਮਦਾਨ ਲੈਕੇ ਗਿਆ ਅਰ ਚੁਕਕੇ ਓਸਨੇ ਕਲਮਦਾਨ ਕਮਲਨੀ ਨੂੰ ਫੜਾ ਦਿਤਾ ਪਰ ਓਥੇ ਹਨੇਰਾ ਹੋਣ ਦੇ ਕਾਰਨ ਉਨਾਂ ਨੂੰ ਦੂਸਰੇ ਕਮਰੇ ਵਿਚ ਜਾਣਾ ਪਿਆ, ਓਥੇ ਚਾਨਣੇ ਵਿਚ ਸਭਨਾਂ ਨੇ ਓਹ ਕਲਮਦਾਨ ਦੇਖਿਆ ਪਰ ਬਿਨਾਂ ਲਛਮੀ ਦੇਵੀ ਦੇ ਨਾ ਤਾਂ ਕਿਸੇ ਨੇ ਓਸਨੂੰ ਪਛਾਣਿਆਂ ਤੇ ਨਾ ਓਸਦਾ ਕਿਸੇ ਤੇ ਅਸਰ ਹੋਇਆ ਲਛਮੀ ਦੇਵੀ ਨੇ ਜਿਸ ਵੇਲੇ ਓਹ ਕਲਮਦਾਨ ਦੇਖਿਆ ਓਸਦੀ ਹੋਰ ਹੀ ਦਸ਼ਾ ਹੋਗਈ, ਉਸਨੇ ਕਲਮਦਾਨ ਨੂੰ ਦੇਖਦਿਆਂ ਹੀ ਦੋਹਾਂ ਹਥਾਂ ਨਾਲ ਆਪਣਾ ਸਿਰ ਫੜ ਲਿਆ ਤੇ ਧਰਤੀ ਤੇ ਬੈਠਦਿਆਂ ਹੀ ਬੇਹੋਸ਼ ਹੋਗਈ।

ਲਛਮੀ ਦੇਵੀ ਦੇ ਬੇਹੋਸ਼ ਹੋਣ ਨਾਲ ਖਲ ਬਲੀ ਮਚਗਈ ਕਮਲਨੀ ਆਦਿਕ ਓਸਨੂੰ ਹੋਸ਼ ਵਿਚ ਲਿਆਉਣ ਦਾ ਯਤਨ ਕਰਨ ਲਗ ਪਈਆਂ, ਤੇਜ ਸਿੰਘ ਕਲਮ ਦਾਨ ਚੁਕਕੇ ਬਾਹਰ ਆ ਗਿਆ, ਤੁਰਦੀ ਵਾਰੀ ਕਮਲਨੀ ਨੂੰ ਕਹਿ ਗਿਆ ਕਿ ਜਦ ਲਛਮੀ ਦੇਵੀ ਨੂੰ ਹੋਸ਼ ਆ ਜਾਵੇ ਮੈਨੂੰ ਪਤਾ ਦਸਣਾ ਕਲਮਦਾਨ ਰਾਜਾ ਬੀਰੇਂਦ੍ਰ ਸਿੰਘ ਦੇ ਪਾਸ ਰਖਕੇ ਲਛਮੀ ਦੇਵੀ ਦਾ ਹਾਲ ਦਸਿਆ।

ਇਸ ਸਮੇਂ ਦੇ ਮਾਮਲੇ ਨੇ ਸਭਨਾਂ ਨੂੰ ਹੈਰਾਨ ਕਰ

ਦਿਤਾ ਤੇ ਰਾਜਾ ਬੀਰੇਂਦ੍ਰ ਸਿੰਘ ਨੇ ਤੇਜ ਸਿੰਘ ਨੂੰ ਕਿਹਾ:-
"ਏਨਾਂ ਭੇਤਾਂ ਨੂੰ ਖੋਲਕੇ ਅਜ ਜਰੂਰ ਏਸਦਾ ਫੈਸਲਾ ਕਰ ਦੇਣਾ ਚਾਹੀਦਾ ਹੈ।"

ਤੇਜਃ-ਮੈਂ ਭੀ ਏਹ ਚਾਹੁੰਦਾ ਹਾਂ ਪਰ ਜਿੰਨ ਵਲ ਦੇਖਕੇ ਇਹ ਕੰਮ ਏਨਾਂ ਦੀ ਸਹਾਇਤਾ ਦੇ ਬਿਨਾਂ ਨਹੀਂ ਹੋ ਸਕਦਾ।

ਜਿੰਨ-ਜਦ ਤਕ ਰਾਜਾ ਸਾਹਿਬ ਆਗਜਾ ਨਹੀਂ ਦੇਣਗੇ ਮੈਂ ਏਥੋਂ ਨਹੀਂ ਜਾਂਵਾਂਗਾ ਕਿਉਂਕਿ ਮੈਂ ਭੀ ਇਸ ਮਾਮਲੇ ਨੂੰ ਅਜ ਮੁਕਾ ਦੇਣਾ ਚਾਹੁੰਦਾ ਹਾਂ ਪਰ ਜਦ ਤਕ ਲਛਮੀ ਦੇਵੀ ਹੋਸ਼ ਵਿਚ ਆਕੇ ਪਰਦੇ ਪਾਸ ਨਾ ਬੈਠ ਜਾਵੇ ਤਦ ਤਕ ਠੈਹਰੋ, ਹਾਂ ਬਲਭੱਦ੍ਰ ਸਿੰਘ ਨੂੰ ਕਹੋ ਕਿ ਨਸ ਜਾਣ ਦੀ ਵਿਚਾਰ ਛਡਕੇ ਚੁਪ ਚਾਪ ਆਪਣੇ ਟਿਕਾਣੇ ਜਾ ਬੈਠੇ।

ਬਲਭੱਦ੍ਰ ਸਿੰਘ ਦਾ ਤਾਂ ਸਾਹ ਸਤ ਉਡ ਗਿਆ ਸੀ ਤੇਜ ਸਿੰਘ ਨੇ ਓਸਨੂੰ ਚੁਕਕੇ ਆਪਨੇ ਪਾਸ ਬਠਾਲਿਆ ਤੇ ਥੋੜਾ ਚਿਰ ਤਕ ਚੁਪ ਚਾਪ ਬੈਠੇ ਰਹੇ।

ਇਕ ਘੜੀ ਦੇ ਪਿਛੇ ਅੰਦਰੋਂ ਖਬਰ ਆਈ ਕਿ ਲਛਮੀ ਦੇਵੀ ਹੁਣ ਸੁਚੇਤ ਹੋ ਗਈ ਹੈ ਅਰ ਪਰਦੇ ਪਾਸ ਆਕੇ ਬੈਠ ਗਈ ਹੈ॥ ਇਤਿ

[ਅਗੇ ਲਈ ਦੇਖੋ ਭਾਗ ੧੩]

ਨਵੀਨ ਨਾਵਲ

[ਰਚਿਤ-ਸ੍ਰੀ ਮਾਨ ਸ. ਸ. ਚਰਨਸਿੰਘ ਜੀ 'ਸ਼ਹੀਦ']

ਦਲੇਰ ਕੌਰ-ਇਸ ਪੁਸਤਕ ਦੀ ਤਾਰੀਫ ਕਰਨ ਦੀ ਲੋੜ ਨਹੀਂ, ਕੇਵਲ ਐਨਾ ਹੀ ਕਹਿ ਦੇਣਾ ਕਾਫੀ ਹੈ ਕਿ ਇਸ ਵਿਚ ਪੁਰਾਣੇ ਸਿਖਾਂ ਦੇ ਇਤਹਾਸ ਕੁਟ ਕੁਟ ਕੇ ਭਰੇ ਹਨ, ਕੀ: ੧ ਭਾਗ ਦੀ ।।=) ਦੋਹਾਂ ਭਾਗਾਂ ਦੀ ੧।)

ਦੋ ਵਹੁਟੀਆਂ-ਏਹ ਪੁਸਤਕ ਐਸਾ ਸੁਆਦਲਾ ਹੈ ਕਿ ਜਿਉਂ ੨ ਪੜ੍ਹੋ ਸਵਾਏ ਤੋਂ ਸਵਾਇਆ ਅਨੰਦ ਆਉਂਦਾ ਹੈ। ਭੇਟਾ ।।)

ਰਣਜੀਤ ਕੌਰ-ਇਸ ਵਿਚ ਰਣਜੀਤ ਕੌਰ ਨੇ ਆਪਣੇ ਪਤੀ ਦੀ ਖਾਤਰ ਬਨ ਬਨ ਫਿਰਨਾ ਤੇ ਅਨੇਕਾਂ ਦੁਸ਼ਟਾਂ ਦਾ ਮੁਕਾਬਲਾ ਕਰਨਾ ਤੇ ਹੱਦ ਦਰਜੇ ਦੀ ਬਹਾਦਰੀ ਕਰਕੇ ਵਖਾਉਣੀ ਲਿਖੀ ਹੈ। ਭੇਟਾ ।।)

ਜੀਵਨ ਜੁਗਤੀ-ਏਸ ਵਿਚ ਨਸਰ ਤੇ ਨਜ਼ਮ ਅਜੇਹੀ ਅਸਰ ਭਰੀ ਹੈ ਜੋ ਪੜ੍ਹਦਿਆਂ ੨ ਲੂੰ ਲੂੰ ਵਿਚ ਅਸਰ ਕਰਦੀ ਜਾਂਦੀ ਹੈ। ਏਹ ਪੁਸਤਕ ਸੈਂਕੜੇ ਹਜ਼ਾਰਾਂ ਸਾਲਾਂ ਤੱਕ ਕਈ ਨਸਲਾਂ ਨੂੰ ਨੇਕੀ ਤੇ ਧਰਮ ਦਾ ਸੱਚਾ ਜੀਵਨ ਦੇਣ ਵਾਲੀ ਹੈ। ਏਸ ਦੇ ਕਰਤਾ ਜੀ ਨੂੰ ਏਸ ਪੁਸਤਕ ਦੇ ਬਦਲੇ ਸ੍ਰੀ ਹਜ਼ੂਰ ਮਹਾਰਾਜਾ ਸਾਹਿਬ ਬਹਾਦਰ ਪਟਯਾਲਾ ਨੇ ੫੦੦) ਸੌ ਰੁਪੈਯਾ ਇਨਾਮ ਭੇਜਿਆ ਹੈ। ਭੇਟਾ ੧)

ਪਤਾ-ਭਾਈ ਚਤਰ ਸਿੰਘ ਜੀਵਨ ਸਿੰਘ

ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ ਅਮ੍ਰਿਤਸਰ